

ਹਸਤੀ ਦੁਨੀਆ
₹15/-
Hansti Duniya (Punjabi)
• Vol. 43 • No. 10
• October 2019

ਸਭ ਤੋਂ ਪਹਿਲਾਂ

4



# ਦਿਲੋਂ ਸਤਿਕਾਰੀਏ ਇਨ੍ਹਾਂ ਨੂੰ


## ਹੰਸਤੀ ਦੁਨੀਆ

• Vol.43 • ਅੰਕ : 10 • ਅਕਤੂਬਰ 2019 • Pages : 52

(ਬੱਚਿਆਂ ਦੇ ਬੌਧਿਕ ਵਿਕਾਸ ਦੀ ਅਨੋਖੀ ਪਤ੍ਰਿਕਾ)

Also published in Hindi, English & Marathi

Printer & Publisher C.L. Gulati, on behalf of Sant Nirankari Mandal, Delhi-9, printed at M.P. Printers, B-220, Phase-II, NOIDA - 201305 (UP) & published at Sant Nirankari Satsang Bhawan, Sant Nirankari Colony, Delhi-110009



*Editor (Honorary)*

Sulekh Singh 'Sathi'

**Email:** editorial@nirankari.org

**Ph.:** 011-47660200

**Fax:** 011-27608215

**Website:** http//www.nirankari.org

kids.nirankari.org


## Subscription Value

| Country | 1 Year | 3 Years | 5 Years | 11 Years |
|---|---|---|---|---|
| India/Nepal | ₹ 150 | ₹ 400 | ₹ 700 | ₹ 1500 |
| U.K. | £15 | £40 | £70 | £150 |
| Europe | €20 | €55 | €95 | €200 |
| USA | $25 | $70 | $120 | $250 |
| Canada/ Australia | $30 | $85 | $140 | $300 |

Other Countries

Equivalent to U.S. Dollars as mentioned above.







## ਸਤੰਭ



| | |
|---|---|
| ਸਭ ਤੋਂ ਪਹਿਲਾਂ | 04 |
| ਵਿਗਿਆਨ ਪ੍ਰਸ਼ਨੋਤਰੀ | 10 |
| ਹਾਸਾ-ਖੇਡਾ | 16 |
| ਸਾਧਾਰਣ ਗਿਆਨ ਪ੍ਰਸ਼ਨੋਤਰੀ | 19 |
| ਕੀ ਤੁਸੀਂ ਜਾਣਦੇ ਹੋ? | 27 |
| ਰੰਗ ਭਰੋ ਪ੍ਰਤੀਯੋਗਿਤਾ | 38 |
| ਕਦੇ ਨਾ ਭੁੱਲੋ | 42 |
| ਬੁੱਧੀ ਦੀ ਪਰਖ | 50 |




## ਚਿੱਤਰਕਥਾਵਾਂ


| | |
|---|---|
| ਕਿੱਟੀ | 20 |
| ਦਾਦਾ ਜੀ | 46 |
















## ਕਹਾਣੀਆਂ


ਸ਼ਕਤੀ ਦੀ ਸ਼ੈਤਾਨੀ
- ਡਾ: ਸੇਵਾਨੰਦਵਾਲ 06

ਖਰਗੋਸ਼ ਫਿਰ ਹਾਰ ਗਿਆ
- ਗਫ਼ੂਰ ਸਨੇਹੀ 12

ਪਛਤਾਵਾ
- ਨੇਹਾ ਗੁਪਤਾ 24

ਚੋਰ ਦੀ ਇਮਾਨਦਾਰੀ
- ਮਦਨ ਚਾਵਲਾ 28

ਗਲਤੀ ਦਾ ਅਹਿਸਾਸ
- ਕ੍ਰਿਸ਼ਣ ਸ਼ਰਮਾ 32

ਚੋਰੀ ਦਾ ਕਾਰਨ
- ਜਗਤਾਰ ਚਮਨ 36

ਇਮਲੀ ਦਾ ਰੁੱਖ
- ਗੋਬਿੰਦ ਭਾਰਦਵਾਜ 40

ਸੁਨੇਹਾ ਦੀਵਾਲੀ ਦਾ
- ਦਰਸ਼ਨ ਸਿੰਘ 'ਆਸ਼ਟ' 44


## ਵਿਸ਼ੇਸ਼ ਲੇਖ


ਜੁਗਨੂੰ
- ਅੰਕੁਰ ਨਿਰੰਕਾਰੀ 08

ਦੁਸ਼ਮਣ ਨਹੀਂ ਦੁਸ਼ਮਣੀ ਨੂੰ ਮਾਰੋ
- ਪ੍ਰੇਮ ਪ੍ਰਕਾਸ਼ ਭੁਟੇਜਾ 14

ਲਾਲ ਬਹਾਦਰ ਸ਼ਾਸਤਰੀ
- ਰਾਜ ਕੁਮਾਰ 31

ਸੀਤਾਫਲ
- ਡਾ: ਵਿਨੋਦ ਗੁਪਤਾ 34

ਵਿਚਿੱਤਰ ਛਿਪਕਲੀਆਂ
- ਦੀਪਾਂਸ਼ੂ ਜੈਨ 35

ਹਿਰਨਾਂ ਦੀ ਖ਼ੂਬਸੂਰਤ ਦੁਨੀਆ
- ਡਾ: ਵਿਦਿਆ ਪ੍ਰਸਾਦ 39

ਭਾਰਤ ਵਿੱਚ ਪਹਿਲੇ
- ਓਮ ਸਿੰਘ 43


## ਗੀਤ-ਕਵਿਤਾਵਾਂ


ਦੀਵਾਲੀ ਆਈ
- ਦਰਸ਼ਨ ਸਿੰਘ ਕੰਡਾ 05


ਰੁੱਤ ਸਰਦੀ ਦੀ ਆਈ
- ਪ੍ਰਿਤਪਾਲ ਸਾਦਿਕ 11

ਬਾਪੂ ਗਾਂਧੀ
- ਸੁੰਦਰਪਾਲ ਪ੍ਰੇਮੀ 18

ਰੌਸ਼ਨੀਆਂ ਦਾ ਤਿਉਹਾਰ
- ਪੀ.ਪੀ ਸਿੰਘ 26

ਦੁਸਹਿਰਾ
- ਦਰਸ਼ਨ (ਤਲਵੰਡੀ ਭਾਈ) 30

# ਦਿਲੋਂ ਸਤਿਕਾਰੀਏ ਇਨ੍ਹਾਂ ਨੂੰ



ਸ਼ਬਿਤ ਅਤੇ ਅਦਵਿਤ ਜਿਵੇਂ ਹੀ ਬਸ ਤੋਂ ਉਤਰ ਕੇ ਸਕੂਲ ਵਲ ਜਾ ਰਹੇ ਸਨ ਤਾਂ ਉਨ੍ਹਾਂ ਵੇਖਿਆ ਕਿ ਸਕੂਲ ਕੰਪਾਊਂਡ ਵਿਚ ਪਹਿਲਾ ਤੋਂ ਹੀ ਕਾਫੀ ਚਹਿਲ-ਪਹਿਲ ਨਜਰ ਆ ਰਹੀ ਸੀ। ਇਕ ਛੋਟੀ ਜਿਹੀ ਸਟੇਜ ਵੀ ਬਣੀ ਹੋਈ ਸੀ। ਕੰਪਾਊਂਡ ਵਿਚ ਚਾਰੇ ਪਾਸੇ ਕੌਮੀ ਝੰਡੇ ਲਹਿਰਾ ਰਹੇ ਸਨ। ਸਟੇਜ ਦੇ ਪਿਛੇ ਬਹੁਤ ਸੁੰਦਰ ਤਸਵੀਰਾਂ ਰਖੀਆਂ ਗਈਆਂ ਸਨ ਜਿਨ੍ਹਾਂ ਤੇ ਸੁੰਦਰ ਫੁਲਾਂ ਦੇ ਹਾਰ ਪਾਏ ਹੋਏ ਸਨ। ਉਹ ਦੋਵੇਂ ਹੀ ਜਲਦੀ-ਜਲਦੀ ਕਲਾਸ ਵਿਚ ਗਏ, ਅਪਣੇ ਬਸਤੇ ਕਲਾਸ ਵਿਚ ਰਖੇ ਅਤੇ ਦੌੜ ਕੇ ਕੰਪਾਊਂਡ ਵਿਚ ਪਹੁੰਚ ਗਏ। ਉਨ੍ਹਾਂ ਨੇ ਉਹ ਦੋਵੇਂ ਤਸਵੀਰਾਂ ਵੇਖੀਆਂ, ਇਕ ਰਾਸ਼ਟਰਪਿਤਾ ਮਹਾਤਮਾ ਗਾਂਧੀ ਜੀ ਦੀ ਸੀ ਅਤੇ ਦੂਜੀ ਦੇਸ਼ ਦੇ ਦੂਜੇ ਪ੍ਰਧਾਨਮੰਤਰੀ ਲਾਲ ਬਹਾਦੁਰ ਸ਼ਾਸ਼ਤਰੀ ਜੀ ਦੀ। ਸ਼ਬਿਤ ਅਤੇ ਅਦਵਿਤ ਨੇ ਵੀ ਹੋਰਨਾਂ ਬੱਚਿਆਂ ਦੀ ਤਰ੍ਹਾਂ ਲਾਈਨ ਵਿਚ ਲਗ ਕੇ ਦੋਵੇਂ ਰਾਸ਼ਟਰੀ ਨੇਤਾਵਾਂ ਨੂੰ ਫੁੱਲ ਅਰਪਿਤ ਕਰਕੇ ਅਪਣੀ ਸ਼ਰਧਾਂਜਲੀ ਅਰਪਿਤ ਕੀਤੀ।

ਸਕੂਲ ਦੇ ਚੇਅਰਮੈਨ ਮਾਈਕ ਤੇ ਦੱਸ ਰਹੇ ਸਨ- ਬੱਚਿਓ ! 2 ਅਕਤੂਬਰ ਦਾ ਦਿਨ ਸਾਡੇ ਸਾਰਿਆ ਲਈ ਬਹੁਤ ਮਹੱਤਵਪੂਰਣ ਦਿਨ ਹੈ। ਦੇਸ਼ ਨੂੰ ਅੰਗ੍ਰੇਜਾਂ ਦੀ ਗੁਲਾਮੀ ਤੋਂ ਆਜ਼ਾਦੀ ਦਵਾਉਣ ਲਈ ਅਹਿੰਸਾ ਦਾ ਸਾਹਾਰਾ ਲੈ ਕੇ ਅਨੇਕਾਂ ਅੰਦੋਲਨ ਚਲਾਉਣ ਵਾਲੇ ਸ੍ਰੀ ਮੋਹਨ ਦਾਸ ਕਰਮ ਚੰਦ ਗਾਂਧੀ ਦੇ ਯੋਗਦਾਨ ਨੂੰ ਸਨਮਾਨਿਤ ਕਰਨ ਲਈ ਆਜ਼ਾਦੀ ਮਗਰੋਂ ਉਨ੍ਹਾਂ ਨੂੰ 'ਰਾਸ਼ਟਰਪਿਤਾ' ਜੀ ਦੀ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ ਸੀ। ਉਨ੍ਹਾਂ ਦਾ ਜਨਮ 2 ਅਕਤੂਬਰ ਨੂੰ ਹੋਇਆ ਸੀ ਅਤੇ ਇਸੀ ਦਿਨ ਦੇਸ਼ ਦੇ ਦੂਜੇ ਪ੍ਰਧਾਨਮੰਤਰੀ ਸ੍ਰੀ ਲਾਲ ਬਹਾਦੁਰ ਸ਼ਾਸ਼ਤਰੀ ਜੀ ਦਾ ਵੀ ਜਨਮਦਿਨ ਹੁੰਦਾ ਹੈ ਜਿਨ੍ਹਾਂ ਨੇ ਦੇਸ਼ ਦੀ ਆਜਾਦੀ ਮਗਰੋਂ ਦੇਸ਼ ਨੂੰ ਆਤਮ-ਨਿਰਭਰ ਬਣਾਉਣ ਲਈ ''ਜੈ ਜਵਾਨ ਜੈ ਕਿਸਾਨ'' ਦਾ ਨਾਅਰਾ ਦਿਤਾ ਸੀ। ਬਹੁਤ ਹੀ ਸਾਧਾਰਣ ਜਿਹੇ ਪਰਿਵਾਰ ਵਿਚ ਜਨਮ ਲੈਣ ਵਾਲੇ ਸ੍ਰੀ ਲਾਲ ਬਹਾਦੁਰ ਸ਼ਾਸ਼ਤਰੀ ਅਪਣੀ ਲਗਨ, ਈਮਾਨਦਾਰੀ ਅਤੇ ਮਿਹਨਤ ਦੇ ਸਹਾਰੇ ਇਸ ਉਚ ਅਹੁਦੇ ਤੇ ਪਹੁੰਚੇ ਅਤੇ ਦੇਸ਼ ਦਾ ਮਾਰਗਦਰਸ਼ਨ ਕੀਤਾ।


ਪਿਆਰੇ ਬੱਚਿਓ ! ਅਜਿਹੇ ਮਹਾਨ ਨੇਤਾਵਾਂ ਨੂੰ ਯਾਦ ਕਰਦੇ ਹੋਏ ਸਾਰਾ ਦੇਸ਼ ਉਨ੍ਹਾਂ ਨੂੰ ਦਿਲੋਂ ਸਤਿਕਾਰਦਾ ਹੈ ਅਤੇ ਸ਼ਰਧਾ-ਸੁਮਨ ਅਰਪਿਤ ਕਰਦਾ ਹੈ।

ਉਨ੍ਹਾਂ ਕਿਹਾ-ਬੱਚਿਓ ! ਅਕਤੂਬਰ ਮਹੀਨੇ ਵਿਚ ਹੀ ਸਾਡੇ ਦੋ ਬਹੁਤ ਮਹੱਤਵਪੂਰਣ ਤਿਉਹਾਰ ਵੀ ਆਉਂਦੇ ਹਨ ਇਕ ਦਸ਼ਹਿਰਾ ਅਤੇ ਦੂਜਾ ਦੀਵਾਲੀ। ਇਹ ਦੋਵੇਂ ਹੀ ਤਿਉਹਾਰ ਭਗਵਾਨ ਸ੍ਰੀ ਰਾਮ ਜੀ ਦੇ ਜੀਵਨ ਅਤੇ ਉਨ੍ਹਾਂ ਰਾਹੀਂ ਸਥਾਪਿਤ ਮਰਿਆਦਾਵਾਂ ਦੀ ਪਾਲਨਾ ਦੀ ਪ੍ਰੇਰਣਾ ਦਿੰਦੇ ਹਨ।

ਇਹ ਤਿਉਹਾਰ ਅਹੰਕਾਰ ਉਤੇ ਪ੍ਰੇਮ ਦੀ ਜਿੱਤ, ਦੁਸ਼ਕਰਮਾਂ ਉਤੇ ਸਦਕਰਮਾਂ ਦੀ ਜਿੱਤ ਅਤੇ ਝੂਠ ਉਤੇ ਸੱਚਾਈ ਦੀ ਜਿੱਤ ਦੇ ਪ੍ਰਤੀਕ ਹਨ। ਅਸੀ ਵੀ ਹੰਕਾਰ ਰੂਪੀ ਰਾਵਣ ਉਤੇ ਪਿਆਰ ਅਤੇ ਨਿਮਰਤਾ ਰਾਹੀਂ ਜਿੱਤ ਹਾਸਿਲ ਕਰਨੀ ਹੈ। ਇਹ ਜਿੱਤ ਹਾਸਿਲ ਹੋ ਜਾਣ ਮਗਰੋਂ ਹੋਣ ਵਾਲੀ ਖੁਸ਼ੀ ਹੀ ਸਾਨੂੰ ਦੀਵਾਲੀ ਦੀਆਂ ਖੁਸ਼ੀਆਂ ਦੇ ਰੂਪ ਵਿਚ ਮਿਲਦੀ ਹੈ।

ਸੋ ਬੱਚਿਓ ! ਦੇਸ਼ ਦੀ ਸੇਵਾ ਲਈ ਅਪਣੇ ਮਹਾਨ ਨੇਤਾਵਾਂ ਪ੍ਰਤੀ ਨਤਮਸਤਕ ਹੋਣ ਦੇ ਨਾਲ-ਨਾਲ ਸਮਾਜਿਕ ਅਤੇ ਅਧਿਆਤਮ ਪਰੰਪਰਾਵਾ ਦੀ ਸਥਾਪਨਾ ਕਰਨ ਵਾਲੇ ਮਰਿਯਾਦਾ-ਪੁਰਸ਼ੋਤਮ ਸ੍ਰੀ ਰਾਮ ਜੀ ਨੂੰ ਅਸੀ ਦਿਲੋਂ ਸਤਿਕਾਰੀਏ ਅਤੇ ਉਨ੍ਹਾਂ ਦੀਆਂ ਸਿਖਿਆਵਾਂ ਨੂੰ ਅਪਨਾਉਣ ਦਾ ਜਤਨ ਕਰੀਏ।

ਸੁਲੇਖ 'ਸਾਥੀ'
ssathi_2007@yahoo.com



❑ ਦਰਸ਼ਨ ਸਿੰਘ ਕੰਡਾ

# ਦੀਵਾਲੀ ਆਈ



ਆਈ ਦੀਵਾਲੀ ਆਈ ਦੀਵਾਲੀ,
ਖੁਸ਼ੀਆਂ ਖੇੜੇ ਲਿਆਈ ਦੀਵਾਲੀ।

ਨਵੇਂ ਨਵੇਂ ਕਪੜੇ ਪਾਵਾਂਗੇ,
ਪਟਾਖੇ ਖੂਬ ਚਲਾਵਾਂਗੇ।

ਨਿਹਾਰਿਕਾ ਚਲਾਉਂਦੀ ਹੈ ਫੁਲਝੜੀਆਂ,
ਨਿਤਿਨ ਵੇਖ ਲਉ ਲਾਵੇ ਲੜੀਆਂ।

ਪ੍ਰਦੀਪ ਨੇ ਵੱਡਾ ਅਨਾਰ ਚਲਾਇਆ,
ਆਸਾ ਪਾਸਾ ਸਭ ਰੁਸ਼ਨਾਇਆ।

ਵੱਡੇ ਵੱਡੇ ਪਟਾਖੇ ਚੱਲੇ,
ਨਾਲ ਧਮਾਕੇ ਧਰਤੀ ਹੱਲੇ।

ਬੋਤਲ ਦੇ ਵਿਚ ਰੱਖ ਹਵਾਈਆਂ,
ਅਨੁਰਾਧਾ ਨੇ ਖੂਬ ਚਲਾਈਆਂ।

ਗਲੀਆਂ ਅਤੇ ਬਨੇਰੇ ਸੱਜ ਗਏ,
ਖਾ-ਖਾ ਕੇ ਮਠਿਆਈ ਰੱਜ ਗਏ।

ਚਾਰ-ਚੁਫੇਰੇ ਚਾਨਣ ਚਾਨਣ,
ਸਾਰੇ ਰਲਮਿਲ ਖੁਸ਼ੀਆਂ ਮਾਨਣ।

ਪ੍ਰੀਤੀ ਇਹ ਨਾ ਕਦੇ ਭੁਲਾਈਏ,
ਗੰਦ ਨਾ ਗਲੀਆਂ ਦੇ ਵਿਚ ਪਾਈਏ।

ਜਿਵੇਂ ਦੀਵਾਲੀ ਅਸਾਂ ਮਨਾਈ,
ਉਦਾਂ ਈ ਕਰੀਏ ਆਉ ਸਫਾਈ।

ਵਾਤਾਵਰਣ ਨੂੰ ਸ਼ੁਧ ਬਣਾਈਏ,
'ਦਰਸ਼ਨ' ਆਪਣਾ ਫਰਜ਼ ਨਿਭਾਈਏ।



ਕਹਾਣੀ : ਡਾ: ਸੇਵਾਨੰਦਵਾਲ

# ਸ਼ਕਤੀ ਦੀ ਸ਼ੈਤਾਨੀ

ਚੰਪਕਵਨ ਵਿੱਚ ਜਸ਼ਨ ਦਾ ਜਬਰਦਸਤ ਮਾਹੌਲ ਸੀ, ਮੌਕਾ ਸੀ – ਦੀਵਾਲੀ ਮਹਾਪਰਵ ਦਾ।

ਚਾਰੇ ਪਾਸੇ ਪ੍ਰਕਾਸ਼ ਫੈਲਿਆ ਹੋਇਆ ਸੀ ਅਤੇ ਆਤਿਸ਼ਬਾਜੀ ਦਾ ਸ਼ੋਰ ਗੂੰਜ ਰਿਹਾ ਸੀ। ਅੱਗ ਦੇ ਲੱਗਣ ਨਾਲ ਹੀ ਪਟਾਖੇ ਫੁਰਰ ਨਾਲ ਆਸਮਾਨ ਵਿੱਚ ਉਡ ਜਾਂਦੇ ਅਤੇ ਥੋੜੀ ਦੇਰ ਵਿੱਚ ਹੇਠਾਂ ਡਿਗਦੇ ਹੋਏ ਰੰਗ-ਬਿਰੰਗੀ ਲੜੀਆਂ ਬਿਖੇਰਦੇ।

ਪਸ਼ੂ ਸੋਸਾਇਟੀ ਦੇ ਬਾਹਰ ਬੱਚੇ ਇੱਕਠੇ ਹੋ ਕੇ ਪਟਾਖੇ ਚਲਾ ਰਹੇ ਸਨ। ਸ਼ਕਤੀ ਬਾਂਦਰ ਫੁਲਝੜੀ ਜਲਾ ਕੇ ਲਾਗੇ ਖੜੇ ਨਿੰਮ ਦੇ ਰੁੱਖ ਤੇ ਉਛਾਲ ਰਿਹਾ ਸੀ। ਫੁਲਝੜੀ ਉਥੇ ਜਾ ਕੇ ਅਟਕ ਜਾਂਦੀ ਅਤੇ ਜਲਦੇ ਹੋਏ ਫੁਲ ਹੇਠਾਂ ਡਿਗਣ ਲੱਗਦੇ। ਸ਼ਕਤੀ ਨੂੰ ਬੜਾ ਮਜਾ ਆਉਂਦਾ ਅਤੇ ਉਹ ਤਾੜੀ ਮਾਰ ਕੇ ਖੁਸ਼ੀ ਜਾਹਿਰ ਕਰਦਾ। ਉਸਦੀ ਮੰਮੀ ਨੇ ਇਕ-ਦੋ ਵਾਰ ਚੇਤਾਵਨੀ ਵੀ ਦਿੱਤੀ- ਬੇਟੇ, ਅਜਿਹਾ ਖੇਡ ਨਾ ਖੇਡ, ਰੁੱਖ ਨੂੰ ਅੱਗ ਲੱਗ ਜਾਏਗੀ ਤਾਂ ਵੱਡੀ ਮੁਸ਼ਕਿਲ ਖੜੀ ਹੋ ਜਾਏਗੀ।

''ਰੁੱਖ ਨੂੰ ਕਦੇ ਅੱਗ ਲੱਗਦੀ ਹੈ ਮੰਮੀ। ਰੁੱਖ ਤਾਂ ਹਰੇ-ਭਰੇ ਹੁੰਦੇ ਹਨ ਉਸ ਵਿੱਚ ਅੱਗ ਕਿਵੇਂ ਲੱਗੇਗੀ।'' ਸ਼ਕਤੀ ਬਾਂਦਰ ਮੁਸਕੁਰਾਦੇ ਹੋਏ ਬੋਲਿਆ।

''ਫਿਰ ਵੀ ਬੇਟੇ ਸਾਵਧਾਨੀ ਰੱਖਣ ਵਿੱਚ ਹੀ ਸਾਡੀ ਭਲਾਈ ਅਤੇ ਸੁਰੱਖਿਆ ਹੈ।'' ਮੰਮੀ ਨੇ ਸਮਝਾਇਆ।


''ਕੁਝ ਨਹੀਂ ਹੋਏਗਾ ਮੰਮੀ ਤੂੰ ਚਿੰਤਾ ਨਾ ਕਰ।'' ਸ਼ਕਤੀ ਨੇ ਕਿਹਾ ਅਤੇ ਲਗਾਤਾਰ ਫੁਲਝੜੀਆਂ ਜਲਾ ਕੇ ਰੁੱਖ ਦੇ ਉਪਰ ਉਛਾਲਦਾ ਰਿਹਾ।

ਇਕ ਵਾਰ ਸ਼ਕਤੀ ਬਾਂਦਰ ਰਾਹੀਂ ਸੁੱਟੀ ਗਈ ਫੁੱਲਝੜੀ ਰੁੱਖ ਦੀ ਸੁੱਕੀ ਡਾਲ ਤੇ ਜਾ ਅਟਕੀ। ਫਿਰ ਕੀ ਸੀ- ਵੇਖਦੇ ਹੀ ਵੇਖਦੇ ਅੱਗ ਲੱਗ ਗਈ ਅਤੇ ਫੈਲਣ ਲੱਗੀ। ਹਰੀ ਹਾਥੀ ਅਤੇ ਓਮੀ ਊਠ ਪਾਣੀ ਉਛਾਲ ਕੇ ਅੱਗ ਬੁਝਾਉਣ ਦੀ ਕੋਸ਼ਿਸ਼ ਕਰਨ ਲੱਗੇ ਪਰ ਅੱਗ ਬੁਝੀ ਹੀ ਨਹੀਂ। ਫੈਲਦੀ ਹੋਈ ਅੱਗ ਨਾਲ ਸਾਰੇ ਪਸ਼ੂ ਚਿੰਤਤ ਹੋ ਉਠੇ। ਅੱਗ ਪਸ਼ੂ ਸੋਸਾਇਟੀ ਦੀ ਬਿਲਡਿੰਗ ਨੂੰ ਛੂਹਣ ਲੱਗੀ ਸੀ।

ਤਦੇ ਜੋਰ ਨਾਲ ਚੀਂ-ਚੀਂ ਕਰਦੀ ਹੋਈ ਚੀਨੂ ਚਿੜੀ ਆਈ ਅਤੇ ਵਿਲਾਪ ਕਰਨ ਲੱਗੀ- '' ਮੇਰੇ ਬੱਚਿਆਂ ਨੂੰ ਬਚਾਉ, ਉਹ ਮਰ ਜਾਣਗੇ।''

''ਕਿਥੇ ਹਨ ਤੇਰੇ ਬੱਚੇ?'' ਕਾਲੂ ਕਾਂ ਨੇ ਪੁੱਛਿਆ।

''ਆਲ੍ਹਣੇ ਵਿੱਚ, ਜਿਥੇ ਅੱਗ ਲੱਗੀ ਹੈ ਉਸੇ ਰੁੱਖ ਤੇ ਮੇਰਾ ਆਲ੍ਹਣਾ ਹੈ। ਬਚਾਉ ਨਹੀਂ ਤਾਂ ਮੇਰੇ ਚੁਨੂੰ-ਮੁਨੂੰ ਬੇਮੌਤ ਮਾਰੇ ਜਾਣਗੇ।'' ਚੀਨੂ ਚਿੜੀ ਰੋਂਦੇ ਹੋਏ ਬੋਲੀ। ਲੇਕਿਨ ਉਸਦੀ ਪੁਕਾਰ ਕਿਸੇ ਨੇ ਨਹੀਂ ਸੁਣੀ। ਕੌਣ ਆਪਣੀ ਜਾਨ



ਜੋਖਮ ਵਿੱਚ ਪਾ ਕੇ ਬੱਚਿਆਂ ਨੂੰ ਬਚਾਉਣ ਦੀ ਕੋਸ਼ਿਸ਼ ਕਰਦਾ? ਸ਼ਕਤੀ ਬਾਂਦਰ ਆਪਣੀ ਗਲਤੀ ਤੇ ਹੜਬੜਾਇਆ ਹੋਇਆ ਆਲ੍ਹਣੇ ਤਕ ਪਹੁੰਚਣ ਦੀ ਯੁਕਤੀ ਸੋਚ ਰਿਹਾ ਸੀ। ਤਦ ਤਕ ਗੇਲੀ ਗਲਿਹਰੀ ਨੇ ਆਪਣੇ ਮੋਬਾਇਲ ਤੋਂ ਫਾਇਰਬ੍ਰਿਗੇਡ ਨੂੰ ਫੋਨ ਕਰ ਦਿਤਾ ਅਤੇ ਥੋੜੀ ਹੀ ਦੇਰ ਵਿੱਚ ਸਾਇਰਨ ਵਜਾਉਂਦੇ ਹੋਏ ਫਾਇਰਬ੍ਰਿਗੇਡ ਦੀ ਗੱਡੀ ਅਤੇ ਪੁਲਿਸ ਉਥੇ ਪਹੁੰਚ ਗਈ।

ਜੋਰਦਾਰ ਯਤਨਾਂ ਨਾਲ ਅੱਗ ਤੇ ਕਾਬੂ ਪਾ ਲਿਆ ਗਿਆ ਅਤੇ ਆਲ੍ਹਣੇ ਵਿੱਚ ਅਟਕੇ ਚੀਨੂੰ ਚਿੜੀ ਦੇ ਦੋਵੇਂ ਬੱਚੇ ਸੁਰੱਖਿਅਤ ਉਤਾਰ ਲਏ ਗਏ। ਜ਼ਿਆਦਾ ਨੁਕਸਾਨ ਨਹੀਂ ਹੋਇਆ ਫਿਰ ਵੀ ਪੁਲਿਸ ਅਧਿਕਾਰੀ ਜਾਂਚ ਕਰਨ ਲੱਗੇ। ਇਕ ਨੇ ਪੁੱਛ ਲਿਆ– ''ਅੱਗ ਕਿਸ ਨੇ ਲਗਾਈ?''

''ਅੱਗ ਕੋਈ ਕਿਉਂ ਲਗਾਏਗਾ?'' – ਬੱਬੀ ਬਿੱਲੀ ਨੇ ਬਚਾਅ ਦੀ ਭੂਮਿਕਾ ਨਿਭਾਈ।


''ਮਾਸੀ ਮੈਨੂੰ ਪਤਾ ਲਗਾ ਹੈ ਕਿ ਕੋਈ ਸਿਰਫਿਰਾ ਫੁਲਝੜੀ ਜਲਾ ਕੇ ਰੁੱਖ ਤੇ ਸੁੱਟ ਰਿਹਾ ਸੀ।'' -ਪੁਲਿਸ ਅਧਿਕਾਰੀ ਭਾਲੂ ਬੋਲਿਆ।

ਸ਼ਕਤੀ ਬਾਂਦਰ ਦੀ ਜਾਨ ਸੁਕਣ ਲੱਗੀ। ਹੁਣ ਗਿਆ ਕੰਮ ਤੋਂ। ਅਗਰ ਕਿਸੇ ਨੇ ਮੂੰਹ ਖੋਲ੍ਹ ਦਿਤਾ ਤਾਂ ਰਾਤ ਪੁਲਿਸ ਥਾਣੇ ਵਿੱਚ ਬੀਤੇਗੀ। ਸਭ ਨੇ ਕਿੰਨਾ ਮਨ੍ਹਾ ਕੀਤਾ ਸੀ ਪਰ ਉਸਦੀ ਬੁੱਧੀ ਤਾਂ ਜਿਵੇਂ ਘਾਹ ਚਰਨ ਚਲੀ ਗਈ ਸੀ। ''ਅਬ ਪਛਤਾਏ ਕਿਆ ਹੋਤ 'ਜਬ ਚਿੜੀਆ ਚੁਗ ਗਈ ਖੇਤ' ਵਾਲੀ ਕਹਾਵਤ ਸਿੱਧ ਹੋ ਰਹੀ ਸੀ।

''ਤੂੰ ਦੱਸ ਚੀਨੂ ਚਿੜੀ ਤੈਨੂੰ ਪਤਾ ਹੋਵੇਗਾ...... ਤੈਨੂੰ ਕਿਸ ਤੇ ਸ਼ੱਕ ਹੈ?'' – ਪੁਲਿਸ ਅਧਿਕਾਰੀ ਨੇ ਪੁੱਛਿਆ।

ਚੀਨੂੰ ਚਿੜੀ ਨੇ ਉਡਦੀ ਨਜ਼ਰ ਸ਼ਕਤੀ ਬਾਂਦਰ ਦੇ ਚਿਹਰੇ ਤੇ ਮਾਰੀ ਜਿਥੇ ਇਸ ਵਕਤ ਹਵਾਈਆਂ ਉਡ ਰਹੀਆਂ ਸਨ ਅਤੇ ਪਛਤਾਵੇ ਦੇ ਭਾਵ ਸਨ। ਚੀਨੂ ਚਿੜੀ ਬੋਲੀ – ਨਹੀਂ, ਸਰ ਕਿਸੇ ਨੇ ਜਾਣਬੁੱਝ ਕੇ ਅੱਗ ਨਹੀਂ ਲਗਾਈ। ਕੋਈ ਫੁਲਝੜੀ ਨਹੀਂ ਉਛਾਲ ਰਿਹਾ ਸੀ। ਸ਼ਾਇਦ ਕੋਈ ਚਿੰਗਆਰੀ ਪੈਣ ਨਾਲ ਅੱਗ ਸੁਲਗ ਪਈ.... ਮੈਨੂੰ ਕਿਸੇ ਤੇ ਸ਼ੱਕ ਨਹੀਂ ਹੈ।

ਫਾਇਰ ਬ੍ਰਿਗੇਡ ਅਤੇ ਪੁਲਿਸਵਾਲੇ ਖਾਨਾਪੂਰਤੀ ਕਰਕੇ ਚਲੇ ਗਏ। ਸ਼ਕਤੀ ਬਾਂਦਰ ਅਤੇ ਉਸਦੀ ਮੰਮੀ ਨੇ ਰਾਹਤ ਦੀ ਸਾਹ ਲਈ। ਸ਼ਕਤੀ ਬਾਂਦਰ ਨੇ ਸਾਰਿਆਂ ਦੇ ਸਾਹਮਣੇ ਹੱਥ ਜੋੜ ਕੇ ਮਾਫੀ ਮੰਗੀ ਅਤੇ ਕਿਹਾ ਕਿ ਉਹ ਫਿਰ ਕਦੇ ਅਜਿਹੀ ਹਰਕਤ ਨਹੀਂ ਕਰੇਗਾ।



❑ ਅੰਕੁਰ ਨਿਰੰਕਾਰੀ

## ਦੋ ਹਜ਼ਾਰ ਤਰ੍ਹਾਂ ਦੇ ਹੁੰਦੇ ਹਨ

# ਜੁਗਨੂੰ

ਆਪਣੇ ਸਰੀਰ ਵਿਚੋਂ ਰੋਸ਼ਨੀ ਪੈਦਾ ਕਰਨ ਵਾਲੇ ਚਾਲੀ ਤੋਂ ਜ਼ਿਆਦਾ ਜੀਵ-ਜੰਤੂਆਂ ਵਿਚੋਂ ਜਿਆਦਾਤਰ ਜੀਵ ਪਾਣੀ ਵਿੱਚ ਰਹਿਣ ਵਾਲੇ ਹੁੰਦੇ ਹਨ। ਜੁਗਨੂ ਗੋਬਰੇਲਾ ਕੀੜਾ ਵਰਗ ਦਾ ਹੁੰਦਾ ਹੈ ਅਤੇ ਉਡੱਣ ਵਾਲਾ ਜੀਵ ਹੁੰਦਾ ਹੈ।

ਜੁਗਨੂੰ ਦੇ ਸਰੀਰ ਤੋਂ ਨਿਕਲਣ ਵਾਲੀ ਰੋਸ਼ਨੀ ਠੰਡੀ ਹੁੰਦੀ ਹੈ, ਗਰਮ ਨਹੀਂ। ਇਸ ਨੂੰ ਹੱਥ ਨਾਲ ਉਠਾਇਆ ਜਾਏ ਤਾਂ ਗਰਮ ਨਹੀਂ ਲੱਗੇਗਾ।

ਜੁਗਨੂੰ ਵਰਖਾ ਰੁੱਤ ਵਿੱਚ ਜ਼ਿਆਦਾ ਦਿਖਾਈ ਦਿੰਦੇ ਹਨ। ਇਸ ਕੀੜੇ ਤਾ ਰੰਗ ਸਲੇਟੀ-ਭੂਰੇ ਰੰਗ ਦਾ ਹੁੰਦਾ ਹੈ। ਇਸ ਦੀਆਂ ਅੱਖਾਂ ਵੱਡੀਆਂ-ਵੱਡੀਆਂ ਹੁੰਦੀਆਂ ਹਨ। ਮਾਦਾ ਜੁਗਨੂੰ ਦੇ ਪਰ ਨਹੀਂ ਹੁੰਦੇ। ਨਰ ਜੁਗਨੂੰ ਦੇ ਹੁੰਦੇ ਹਨ।

ਸਾਡੇ ਦੇਸ਼ ਵਿੱਚ ਜੁਗਨੂਆਂ ਦੀ ਲੰਬਾਈ ਲਗਭਗ ਅੱਧਾ ਇੰਞ ਹੁੰਦੀ ਹੈ। ਜੁਗਨੂੰ ਦੀ ਇਕ ਜਾਤੀ ਅਜਿਹੀ ਵੀ ਹੈ ਜੋ ਸਿਰ ਅਤੇ ਪੂਛ ਦੋ ਥਾਵਾਂ ਤੋਂ ਰੋਸ਼ਨੀ ਦਿੰਦੀ ਹੈ। ਸਿਰ ਤੋਂ ਲਾਲ ਅਤੇ ਪੂਛ ਵੱਲੋਂ ਹਰੀ-ਪੀਲੀ ਰੋਸ਼ਨੀ ਦੇਣ ਵਾਲਾ ਇਹ ਜੁਗਨੂੰ ਦੱਖਣੀ ਅਮਰੀਕਾ ਵਿੱਚ ਪਾਇਆ ਜਾਂਦਾ ਹੈ। ਇਸ ਦੇ ਸਿਰ ਵੱਲ ਰੋਸ਼ਨੀ ਪਹਿਲਾਂ ਚਮਕਦੀ ਹੈ ਅਤੇ ਫਿਰ ਪੂਛ ਵੱਲੋਂ।

'ਪਾਯਰੋ ਫੋਰਸ' ਜਾਤੀ ਦਾ ਜੁਗਨੂੰ ਸਭ ਤੋਂ ਜ਼ਿਆਦਾ ਰੋਸ਼ਨੀ ਦਿੰਦਾ ਹੈ। ਸਾਈਬੇਰੀਆ ਵਿੱਚ ਵੀ ਇਕ ਜੁਗਨੂੰ ਜ਼ਿਆਦਾ ਰੋਸ਼ਨੀ ਦੇਣ ਵਾਲਾ ਪਾਇਆ ਜਾਂਦਾ ਹੈ। ਉੱਤਰ ਅਮਰੀਕਾ ਵਿੱਚ ਇਕ ਨਰ ਜੁਗਨੂੰ ਵੀ ਰੋਸ਼ਨੀ ਦੇਣ ਵਾਲਾ ਹੁੰਦਾ ਹੈ।

ਧਰਤੀ ਤੇ ਕੁਝ ਗਰਮ ਦੇਸ਼ ਦੇ ਨਿਵਾਸੀ ਤਾਂ ਜੁਗਨੂੰਆਂ ਨਾਲ ਆਪਣੇ ਘਰ ਵਿੱਚ ਰੋਸ਼ਨੀ ਕਰਦੇ ਹਨ। ਉਹ ਸੂਰਜ ਡੁੱਬਣ ਦੇ ਬਾਦ ਕੁਝ ਜੁਗਨੂੰਆਂ ਨੂੰ ਫੜ ਕੇ ਇਕ ਪਿੰਜਰੇ ਵਿੱਚ ਪਾ ਲੈਂਦੇ ਹਨ।

ਕੁਝ ਆਦਿਵਾਸੀ ਜਾਤੀਆਂ ਦੇ ਲੋਕ ਇਹਨਾਂ ਨੂੰ ਪਿੰਜਰੇ ਵਿੱਚ ਪਾ ਕੇ ਰਾਤ ਨੂੰ ਨਾਲ ਲੈ ਜਾਂਦੇ ਹਨ ਤਾਂਕਿ ਜੰਗਲ ਵਿੱਚ ਰਾਹ ਵੇਖ ਸਕਣ।

ਜੁਗਨੂੰ ਸਰੀਰ ਦੇ ਪਿਛਲੇ ਹਿੱਸੇ ਤੋਂ ਰੋਸ਼ਨੀ ਦਿੰਦਾ ਹੈ। ਵਿਗਿਆਨਕਾਂ ਨੇ ਇਸ ਦੀ ਪੂਛ ਦੇ ਇਸ ਤਰ੍ਹਾਂ ਚਮਕਣ ਦਾ ਕਾਰਣ ਇਕ ਰਾਸਾਇਣਕ ਤੱਤ ਨੂੰ ਮੰਨਿਆ ਹੈ। ਇਹ ਤੱਤ ਹੈ 'ਲਿਯੂਸੀਫੇਰਿਨ'। ਇਸ ਰਸਾਇਣ ਅਤੇ ਜੁਗਨੂੰ ਦੇ ਖ਼ੂਨ ਦੇ ਸਹਿਯੋਗ ਨਾਲ ਇਹ ਚਮਕ ਪੈਦਾ ਹੁੰਦੀ ਹੈ। ਇਹ ਤੱਤ ਮਾਦਾ ਜੁਗਨੂੰ ਵਿੱਚ ਜ਼ਿਆਦਾ ਹੁੰਦਾ ਹੈ। ਨਰ ਜੁਗਨੂੰ ਮਾਦਾ ਦੀ ਚਮਕ ਵੇਖ ਕੇ ਉਸ ਦੇ ਪਿਛੇ-ਪਿਛੇ ਚਲਦਾ ਰਹਿੰਦਾ ਹੈ।

ਨਰ ਜੁਗਨੂੰ ਵਿੱਚ ਰੋਸ਼ਨੀ ਚਮਕਣ ਅਤੇ ਬੰਦ ਹੋਣ ਦਾ ਸਮਾਂ ਲਗਭਗ ਦੋ ਸੈਂਕਿੰਡ ਹੁੰਦਾ ਹੈ ਅਤੇ ਮਾਦਾ ਵਿੱਚ ਇਹ ਸਮਾਂ ਛੇ ਸੈਕਿੰਡ।

ਜੁਗਨੂੰਆਂ ਦੀਆਂ ਅਲਗ-ਅਲਗ ਜਾਤੀਆਂ ਵਿੱਚ ਰੋਸ਼ਨੀ ਦੀ ਚਮਕ ਦਾ ਸਮਾਂ ਵੀ ਅਲਗ-ਅਲਗ ਹੁੰਦਾ ਹੈ। ਇਹ ਮਾਸਾਹਾਰੀ ਕੀੜਾ ਆਪਣਾ ਸ਼ਿਕਾਰ ਬਹੁਤ ਅਨੋਖੇ ਤਰੀਕੇ ਨਾਲ ਕਰਦਾ ਹੈ। ਇਸ ਦੀਆਂ ਮੁੱਛਾਂ ਹੁੰਦੀਆਂ ਹਨ। ਆਪਣੀਆਂ ਮੁੱਛਾਂ ਦੇ ਵਾਲਾਂ ਨੂੰ ਇਹ ਸ਼ਿਕਾਰ ਦੇ ਸਰੀਰ ਤੇ ਹੌਲੀ-ਹੌਲੀ ਘੁਮਾਉਂਦਾ ਹੈ ਅਤੇ ਇਕ ਪ੍ਰਕਾਰ ਦਾ ਜ਼ਹਿਰ ਛੱਡਦਾ ਜਾਂਦਾ ਹੈ। ਥੋੜੀ ਦੇਰ ਵਿੱਚ ਉਹ ਜੀਵ-ਨਿਰਜੀਵ ਜਿਹਾ ਹੋਣ ਲੱਗਦਾ ਹੈ। ਇਸ ਦੇ ਛੱਡੇ ਜ਼ਹਿਰ ਦਾ ਹਿੱਸਾ ਵੀ ਇੱਕ ਤਰ੍ਹਾਂ ਦੇ





ਰਸ ਵਿੱਚ ਬਦਲ ਜਾਂਦਾ ਹੈ। ਇਹ ਰਸ ਹੀ ਜੁਗਨੂੰ ਦਾ ਭੋਜਨ ਹੁੰਦਾ ਹੈ।

ਜੁਗਨੂੰਆਂ ਨੂੰ ਤੇਜ਼ ਰੋਸ਼ਨੀ ਰਾਸ ਨਹੀਂ ਆਉਂਦੀ ਹੈ। ਤੇਜ਼ ਰੋਸ਼ਨੀਆਂ ਵਿੱਚ ਇਹ ਜੀਵਤ ਨਹੀਂ ਰਹਿ ਸਕਦੇ। ਜੁਗਨੂੰਆਂ ਦੇ ਆਂਡਿਆਂ ਤੋਂ 15 ਦਿਨ ਵਿੱਚ ਹੀ ਬੱਚੇ ਨਿਕਲ ਆਉਂਦੇ ਹਨ। ਹਮੇਸ਼ਾਂ ਮਾਦਾ ਆਂਡੇ ਘਾਹ ਤੇ ਹੀ ਦਿੰਦੀ ਹੈ। ਜੁਗਨੂੰ ਦਲਦਲ, ਨਮੀ ਅਤੇ ਪਾਣੀ ਦੇ ਆਸਪਾਸ ਜ਼ਿਆਦਾ ਰਹਿੰਦਾ ਹੈ ਤਾਂਕਿ ਛੋਟੇ-ਮੋਟੇ ਕੀੜਿਆਂ ਨੂੰ ਆਸਾਨੀ ਨਾਲ ਭੋਜਨ ਬਣਾ ਸਕੇ। ਇਕ ਜਾਤੀ ਦੀ ਮਾਦਾ ਜੁਗਨੂੰ ਕਈ ਵਾਰ ਦੂਸਰੀ ਜਾਤੀ ਦੇ ਜੁਗਨੂੰ ਨੂੰ ਆਪਣੀ ਚਮਕ ਨਾਲ ਕੋਲ ਬੁਲਾ ਲੈਂਦੀ ਹੈ ਅਤੇ ਫਿਰ ਚਤੁਰਾਈ ਨਾਲ ਉਸ ਨੂੰ ਆਪਣਾ ਭੋਜਨ ਬਣਾ ਲੈਂਦੀ ਹੈ।

ਜੁਗਨੂੰ ਦੀਆਂ ਲਗਭਗ ਦੋ ਹਜ਼ਾਰ ਜਾਤੀਆਂ ਧਰਤੀ ਤੇ ਪਾਈਆਂ ਜਾਂਦੀਆਂ ਹਨ।

# ਵਿਗਿਆਨ ਪ੍ਰਸ਼ਨੋਤਰੀ

❑ ਘਮੰਡੀਲਾਲ ਅਗਰਵਾਲ

**ਪ੍ਰਸ਼ਨ :** ਜ਼ਿਆਦਾ ਦੇਰ ਤਕ ਧੁੱਪ ਵਿੱਚ ਬੈਠਣ ਨਾਲ ਸਰੀਰ ਦਾ ਰੰਗ ਕਾਲਾ ਕਿਉਂ ਹੋ ਜਾਂਦਾ ਹੈ?

**ਉੱਤਰ :** ਧੁੱਪ ਵਿੱਚ ਮਨੁੱਖ ਦਾ ਸਰੀਰ ਗਹਿਰੇ ਰੰਗ (ਪਿਗਮੈਂਟ) ਬਣਾਉਂਦਾ ਹੈ। ਇਹ ਪਿਗਮੈਂਟ ਸੂਰਜ ਦੇ ਪ੍ਰਕਾਸ਼ ਦੀਆਂ ਕਿਰਣਾਂ ਨੂੰ ਸੋਖ ਲੈਂਦੇ ਹਨ। ਅਗਰ ਸਰੀਰ ਵਿੱਚ ਪ੍ਰਕਾਸ਼-ਕਿਰਣਾਂ ਨੂੰ ਸੋਖ ਲੈਣ ਵਾਲੇ ਪਿਗਮੈਂਟ ਬਣਾਉਣ ਦੀ ਸ਼ਕਤੀ ਨਾ ਹੁੰਦੀ ਤਾਂ ਸੂਰਜ ਦੀ ਗਰਮੀ ਦੇ ਕਾਰਣ ਚਮੜੀ ਝੁਲਸ ਜਾਂਦੀ। ਜ਼ਿਆਦਾ ਤੇਜ਼ ਧੁੱਪ ਵਿੱਚ ਸਰੀਰ ਜ਼ਿਆਦਾ ਪਿਗਮੈਂਟ ਬਣਾਉਂਦਾ ਹੈ। ਇਹੀ ਕਾਰਣ ਹੈ ਕਿ ਦੇਰ ਤਕ ਧੁੱਪ ਵਿੱਚ ਬੈਠਣ ਨਾਲ ਸਰੀਰ ਦਾ ਰੰਗ ਕਾਲਾ ਪੈਣ ਲੱਗਦਾ ਹੈ।

**ਪ੍ਰਸ਼ਨ :** ਸਰਦੀ ਵਿੱਚ ਤੁਸੀ ਕੰਬਣੀ ਦਾ ਅਨੁਭਵ ਕਿਉਂ ਕਰਦੇ ਹੋ?

**ਉੱਤਰ :** ਸਰਦੀ ਦੇ ਮੌਸਮ ਵਿੱਚ ਤਾਪਮਾਨ ਦੀ ਗਿਰਾਵਟ ਨਾਲ ਵਾਤਾਵਰਣ ਠੰਡਾ ਹੋ ਜਾਂਦਾ ਹੈ। ਇਸ ਲਈ ਤੁਸੀ ਕੰਬਣ ਲੱਗਦੇ ਹੋ। ਦਰਅਸਲ, ਕੰਬਣੀ ਹੋਣ ਨਾਲ ਮਾਸਪੇਸ਼ੀਆਂ ਨੂੰ ਜ਼ਿਆਦਾ ਕੰਮ ਕਰਨਾ ਪੈਂਦਾ ਹੈ। ਜਿਸ ਦੇ ਫਲਸਰੂਪ ਊਰਜਾ ਪੈਦਾ ਹੁੰਦੀ ਹੈ। ਇਸ ਤਰ੍ਹਾਂ ਸਰੀਰ ਦਾ ਤਾਪ ਸਮਾਨ ਅਰਥਾਤ 37 ਡਿਗਰੀ ਸੇਂਟੀਗ੍ਰੇਡ ਬਣਿਆ ਰਹਿੰਦਾ ਹੈ ਅਤੇ ਇਹ ਘੱਟ ਨਹੀਂ ਹੋ ਸਕਦਾ।

**ਪ੍ਰਸ਼ਨ :** ਪਹਾੜਾਂ ਤੇ ਦਾਲ ਕਿਉਂ ਨਹੀਂ ਗਲਦੀ ਹੈ?

**ਉੱਤਰ :** ਅਸੀ ਜਿਸ ਪ੍ਰਿਥਵੀ ਤੇ ਰਹਿੰਦੇ ਹਾਂ, ਉਸ ਦਾ ਹਵਾ ਦਬਾ ਬਹੁਤ ਜ਼ਿਆਦਾ ਹੈ। ਜਾਣਦੇ ਹੋ ਸਾਡੇ ਸਰੀਰ ਤੇ ਵੀ ਨਿਰੰਤਰ 14 ਟਨ ਹਵਾ ਦਾ ਦਬਾਅ ਸਦਾ ਪੈਂਦਾ ਰਹਿੰਦਾ ਹੈ।ਜਿਵੇਂ-ਜਿਵੇਂ ਅਸੀ ਉਚਾਈ ਤੇ ਜਾਂਦੇ ਹਾਂ, ਇਸ ਦਬਾਅ ਵਿੱਚ ਘਾਟ ਆਉਣ ਲੱਗਦੀ ਹੈ। ਪਹਾੜਾਂ ਤੇ ਵੀ ਹਵਾ ਦਾ ਦਬਾਅ ਘੱਟ ਹੋ ਜਾਂਦਾ ਹੈ ਕਿਉਂਕਿ ਪਹਾੜਾਂ ਤੇ ਵਾਯੂਮੰਡਲੀ ਦਾਬ ਘੱਟ ਹੁੰਦਾ ਹੈ।ਇਸ ਲਈ ਦਾਲ ਪਕਾਉਣ ਵਿੱਚ ਕਠਿਨਾਈ ਹੁੰਦੀ ਹੈ।

**ਪ੍ਰਸ਼ਨ :** ਤਾਰੇ ਕਿਉਂ ਟਿਮਟਮਾਉਂਦੇ ਹਨ?

**ਉੱਤਰ :** ਅਸੀਂ ਜਿਸ ਵਾਯੂਮੰਡਲ ਵਿੱਚ ਸਾਹ ਲੈਂਦੇ ਹਾਂ, ਉਸ ਵਿੱਚ ਵਿਭਿੰਨ ਘਣਤੱਵ ਵਾਲੀਆਂ ਅਨੇਕ ਪਰਤਾਂ ਪਾਈਆਂ ਜਾਂਦੀਆਂ ਹਨ। ਇਹਨਾਂ ਪਰਤਾਂ ਤੋਂ ਗੁਜਰ ਕੇ ਤਾਰਿਆਂ ਦਾ ਪ੍ਰਕਾਸ਼ ਪ੍ਰਿਥਵੀ ਤਕ ਪਹੁੰਚਦਾ ਹੈ। ਹਵਾ ਦੇ ਕਾਰਣ ਵਾਯੂਮੰਡਲ ਦੀਆਂ ਪਰਤਾਂ ਵੀ ਹਿਲਦੀਆਂ ਰਹਿੰਦੀਆਂ ਹਨ। ਇਹੀ ਕਾਰਣ ਹੈ ਕਿ ਜਦ ਤਾਰਿਆਂ ਦਾ ਪ੍ਰਕਾਸ਼ ਇਹਨਾਂ ਪਰਤਾਂ ਤੋਂ ਗੁਜਰ ਕੇ ਪ੍ਰਿਥਵੀ ਤਕ ਆਉਂਦਾ ਹੈ ਤਾਂ ਤਾਰੇ ਟਿਮਟਿਮਾਉਂਦੇ ਹੋਏ ਨਜ਼ਰ ਆਉਂਦੇ ਹਨ।

**ਪ੍ਰਸ਼ਨ :** ਵੈਲਡਿੰਗ ਲਈ ਆਕਸੀ-ਐਸੀਟਿਲੀਨ ਜਵਾਲਾ ਦਾ ਇਸਤੇਮਾਲ ਕਿਉਂ ਕੀਤਾ ਜਾਂਦਾ ਹੈ?

**ਉੱਤਰ :** ਲੋਹਾ ਸਧਾਰਣ ਤਾਪ ਤੇ ਨਹੀਂ ਪਿਘਲਦਾ ਹੈ। ਇਸ ਦੇ ਲਈ ਜ਼ਿਆਦਾ ਤਾਪਮਾਨ 3000....... ਹੁੰਦਾ ਹੈ। ਇਸ ਤਾਪ ਤੇ ਲੋਹੇ ਦੇ ਟੁਕੜੇ ਆਦਿ ਪਿਘਲ ਜਾਂਦੇ ਹਨ ਜਿਸ ਨਾਲ ਉਹਨਾਂ ਨੂੰ ਵੈਲਡਿੰਗ ਕਰਨ ਵਿੱਚ ਸਹੂਲਤ ਹੁੰਦੀ ਹੈ। ਇਸ ਲਈ ਵੈਲਡਿੰਗ ਕਰਨ ਲਈ ਆਕਸੀ-ਐਸੀਟਿਲੀਨ ਜਵਾਲਾ ਦਾ ਇਸਤੇਮਾਲ ਕੀਤਾ ਜਾਂਦਾ ਹੈ। ❑


❑ ਪ੍ਰਿਤਪਾਲ ਸਾਦਿਕ



# ਰੁੱਤ ਸਰਦੀ ਦੀ ਆਈ

ਬੱਚਿਓ ! ਰੁੱਤ ਆਈ ਸਰਦੀ ਦੀ,
ਲੋੜ ਹੈ ਮੋਟੀ ਵਰਦੀ ਦੀ।
ਪੈਣੀ ਹੁਣ ਬਹੁਤ ਹੀ ਠੰਡ,
ਬੂਹੇ ਬਾਰੀਆਂ ਰੱਖੀਏ ਬੰਦ।
ਪੈਰੀਂ ਬੂਟ ਜੁਰਾਬਾਂ ਪਾਓ,
ਨੰਗੀ ਸਿਰ ਬਾਹਰ ਨਾ ਜਾਓ।
ਧੁੰਦ ਵਿਚ ਫਿਰਨਾ ਕਰਿਉ ਬੰਦ,
ਨਹੀਂ ਤਾਂ ਹੋ ਸਕਦੀ ਹੈ ਖੰਘ।
ਨੇੜੇ ਆ ਗਏ ਇਮਤਿਹਾਨ,
ਹੋ ਨਾ ਜਾਵੇ ਕਿਤੇ ਜ਼ੁਕਾਮ।
ਜੇ ਬੱਚਿਉ ਹੋ ਗਿਆ ਜ਼ੁਕਾਮ,
ਕਈ ਦਿਨ ਕਰਨਾ ਪਊ ਅਰਾਮ।
ਫਿਰ ਪਿੱਛੇ ਰਹਿ ਜਾਊ ਪੜਾਈ,
ਪੂਰੀ ਹੋਣੀ ਨਹੀਂ ਦੁਹਰਾਈ।
ਸਰਦੀ ਤੋਂ ਕਰ ਲਉ ਬਚਾਅ,
ਇਹਦੇ ਵਿਚ ਹੈ ਸਭ ਦਾ ਭਲਾ।







ਬਾਲ ਕਹਾਣੀ : ਗਫੂਰ ਸ਼ਨੇਹੀ

# ਖ਼ਰਗੋਸ਼ ਫਿਰ ਹਾਰ ਗਿਆ

ਇਹ ਕਹਾਣੀ ਸਾਰਿਆਂ ਨੂੰ ਪਤਾ ਹੈ ਕਿ ਜੰਗਲ ਵਿੱਚ ਦੌੜ ਹੋਈ ਅਤੇ ਖਰਗੋਸ਼ ਉਸ ਵਿੱਚ ਹਾਰ ਗਿਆ। ਗੱਲਾਂ-ਗੱਲਾਂ ਵਿੱਚ ਖਰਗੋਸ਼ ਨੂੰ ਕਿਸੇ ਨੇ ਕਹਿ ਦਿੱਤਾ। -ਅਰੇ ਭਾਈ ਤੂੰ ਚੁੱਪ ਰਹਿ, ਕਛੂਏ ਤੋਂ ਹਾਰ ਗਏ। ਖਰਗੋਸ਼ ਨੂੰ ਬਹੁਤ ਬੁਰਾ ਲੱਗਾ। ਮੈਂ ਕਛੂਆ ਕੀ ਹਿਰਨ ਨੂੰ ਵੀ ਹਰਾਊਂਗਾ। ਉਹ ਹਿਰਨ ਦੇ ਕੋਲ ਗਿਆ ਅਤੇ ਬੋਲਿਆ - ਮੈਂ ਦੌੜ ਵਿੱਚ ਤੈਨੂੰ ਹਰਾਉਣਾ ਹੈ।

ਘਮੰਡੀ ਖਰਗੋਸ਼ ਨੂੰ ਹਿਰਨ ਨੇ ਸਮਝਾਇਆ। - ਭਾਈ ਮੈਂ ਸ਼ੇਰ ਨੂੰ ਚਕਮਾ ਦੇ ਕੇ ਆ ਗਿਆ ਹਾਂ ਪਰ ਮੈਂ ਤੇਰੇ ਨਾਲ ਦੌੜ ਤਦੇ ਲਗਾਊਂਗਾ ਜਦ ਕਛੂਏ ਤੋਂ ਜਿੱਤ ਕੇ ਆਏਗਾ।

ਖਰਗੋਸ਼ ਮੂੰਹ ਲਟਕਾ ਕੇ ਵਾਪਸ ਆ ਗਿਆ। ਉਸ ਨੇ ਕਛੂਏ ਨੂੰ ਕਿਹਾ- ਤੂੰ ਮੇਰੇ ਨਾਲ ਕਦੋਂ ਦੌੜ ਲਗਾਏਗਾ?

ਕਛੂਏ ਨੇ ਕਿਹਾ - ਮੰਡੇ ਨੂੰ, ਅੱਜ ਤੋਂ ਚਾਰ ਦਿਨ ਬਾਦ। ਤਦ ਤਕ ਤੂੰ ਤਿਆਰੀ ਕਰ ਲੈ। ਇਕ ਵਾਰ ਹਾਰ ਚੁੱਕੇ ਹੋ। ਦੁਬਾਰਾ ਨਾ ਹਾਰੋ, ਅਜਿਹੀ ਕੋਸ਼ਿਸ਼ ਕਰਨਾ ਵਰਨਾ ਜੰਗਲ ਦੇ ਜਾਨਵਰ ਇਸ ਵਾਰ ਤੇਰਾ ਜ਼ਿਆਦਾ ਹਾਸਾ ਉਡਾਉਣਗੇ।

ਖਰਗੋਸ਼ ਮਾਣ ਨਾਲ ਬੋਲਿਆ - ਤਿਆਰੀ ਕੀ ਕਰਨੀ, ਮੈਂ ਤਾਂ ਹੁਣੇ ਤਿਆਰ ਹਾਂ। ਤੂੰ ਹੀ ਤਿਆਰੀ ਕਰ।

ਕਛੂਏ ਨੇ ਕਿਹਾ- ਠੀਕ ਹੈ, ਸੰਡੇ ਨੂੰ ਤਿਆਰ ਰਹਿਣਾ। ਮੈਨੂੰ ਘਰੇਲੂ ਕੰਮ ਹੈ ਵਰਨਾ ਅੱਜ ਹੀ ਰੇਸ ਕਰ ਲੈਂਦੇ। ਖਰਗੋਸ਼ ਸੁਣ ਕੇ ਚਲਾ ਗਿਆ। ਉਸ ਨੇ ਤਿਆਰੀ ਦੇ ਨਾਮ ਤੇ ਮਹਿੰਗੇ 'ਰਨਿੰਗ ਸ਼ੂਅ' ਖਰੀਦੇ ਉਹਨਾਂ ਨੂੰ ਪਾ ਕੇ ਭੱਜਿਆ। ਉਹਨੂੰ ਲੱਗਿਆ ਜਿਵੇਂ ਉਹਨੂੰ ਖੰਭ ਲਗ ਗਏ ਹਨ। ਉਹ ਸੋਚਣ ਲੱਗਾ। - ਹੁਣ ਕਛੂਆ ਕੀ ਚੀਜ਼ ਹੈ? ਹਿਰਨ ਵੀ ਮਾਤ ਖਾ ਜਾਣ ਵਾਲਾ ਹੈ। ਉਹਨੂੰ ਇਕ-ਇਕ ਦਿਨ ਭਾਰੀ ਲਗ ਰਿਹਾ ਸੀ। ਕਾਸ਼! ਇਹ ਸਮਾਂ ਜਲਦੀ ਬੀਤ ਜਾਏ। ਉਹ ਹਾਰਿਆ ਹੋਇਆ ਨਹੀਂ ਆਪਣੇ ਆਪ ਨੂੰ ਜੇਤੂ ਕਹਿਲਾਉਣਾ ਚਾਹੁੰਦਾ ਸੀ।

ਕਛੂਏ ਨੇ ਤਾਂ ਨਹੀਂ ਖਰਗੋਸ਼ ਨੇ ਹੀ ਸਭ ਨੂੰ ਕਹਿ ਦਿੱਤਾ ਸੀ। - ਕਛੂਏ ਨੂੰ ਹਾਰਦੇ ਅਤੇ ਮੈਨੂੰ ਜਿੱਤਦੇ ਵੇਖਣਾ ਚਾਹੋ ਤਾਂ ਆਜਾਦ ਮੈਦਾਨ ਵਿੱਚ ਸਵੇਰੇ ਅੱਠ ਵਜੇ ਆ ਜਾਣਾ। ਆਖਿਰ ਸੰਡੇ ਆਇਆ। ਰੇਸ ਵੇਖਣ ਸਾਰੇ ਆ ਗਏ। ਉਥੇ ਖਰਗੋਸ਼ 'ਰਨਿੰਗ ਸ਼ੂਅ' ਵਿੱਚ



ਡਾਂਸ ਕਰਦੇ ਹੋਏ ਆਪਣੇ ਆਪ ਨੂੰ ਗਰਮ ਕਰ ਰਿਹਾ ਸੀ। ਜੰਗਲੀ ਜਾਨਵਰ ਕਾਨਾਫੂਸੀ ਕਰਨ ਲੱਗੇ। ਖਰਗੋਸ਼ ਦਾ ਤਾਂ ਰੁੰ-ਰੁੰ ਗਰਮ ਹੁੰਦਾ ਹੈ। ਅਲਗ ਤੋਂ ਗਰਮ ਕਿਉਂ ਹੋ ਰਿਹਾ ਹੈ? ਇਹ ਗਰਮੀ ਹੀ ਇਸ ਨੂੰ ਫਿਰ ਹਰਾ ਦਏਗੀ। ਵੇਖਣਾ ਕਛੂਆ ਹੀ ਜਿੱਤੇਗਾ। ਕੋਈ ਵੀ ਖਰਗੋਸ਼ ਦੀ ਜਿੱਤ ਤੇ ਸ਼ਰਤ ਨਹੀਂ ਲਗਾ ਰਿਹਾ ਸੀ। ਹਾਂ ਕਛੂਏ ਦੀ ਜਿੱਤ ਤੇ ਸਾਰੇ ਸ਼ਰਤ ਲਗਾਉਣ ਲਈ ਤਿਆਰ ਸਨ।

ਖੈਰ, ਭਾਲੂ 'ਟ੍ਰੈਫਿਕ ਪੁਲਿਸ ਵਿਸਲ' ਲੈ ਕੇ ਉਥੇ ਆ ਗਿਆ। ਉਸ ਨੇ ਨਿਯਮ ਦੱਸੇ।

ਖਰਗੋਸ਼ ਸੋਚ ਰਿਹਾ ਸੀ - ਉਹ ਸਟਾਰਟਿੰਗ ਤੋਂ ਲੈ ਕੇ ਫਿਨਸ਼ਿੰਗ ਤਕ ਤੇਜ਼ ਤੋਂ ਤੇਜ਼ ਦੌੜ ਲਗਾਏਗਾ। ਇਸ ਵਾਰ ਉਹ ਰੁੱਖ ਵੇਖ ਕੇ ਉਸ ਦੀ ਛਾਂ ਹੇਠ ਨਹੀਂ ਸੁਸਤਾਏਗਾ। ਬਹੁਤ ਹੀ ਉਤਸ਼ਾਹ ਨਾਲ ਉਹ ਸ਼ੁਰੂ ਵਿੱਚ ਅਗੇ ਵਧ-ਵਧ ਜਾ ਰਿਹਾ ਸੀ।

ਭਾਲੂ ਨੇ ਕਿਹਾ - ਚੈਂਪੀਅਨ, ਆਉਟ ਕਰ ਦੇਵਾਂਗਾ ਅਤੇ ਕਛੂਏ ਨੂੰ ਜੇਤੂ ਘੋਸ਼ਿਤ ਕਰ ਦੇਵਾਂਗਾ। ਧਮਕੀ ਦਾ ਅਸਰ ਹੋਇਆ ਤਾਂ ਸ਼ੁਰੂ ਵਿੱਚ ਨਿਯਮ ਦਾ ਪਾਲਣ ਕੀਤਾ ਮਗਰ ਇਕ ਦੋ ਕਦਮ ਦੇ ਬਾਦ ਉਸ ਨੇ ਐਨਾ ਜ਼ੋਰ ਲਗਾਇਆ ਕਿ ਸੰਤੁਲਨ ਗਵਾ ਬੈਠਾ। ਮੂੰਹ ਦੇ ਭਾਰ ਜਾ ਡਿਗਾ। ਉਸ ਦੇ ਮੂੰਹ, ਨੱਕ ਅਤੇ ਅੱਖਾਂ ਵਿੱਚ ਕਚਰਾ ਭਰ ਗਿਆ। ਜਿੱਤ ਦੇ ਯਤਨ ਵਿੱਚ ਅੰਨ੍ਹੇ ਦੀ ਤਰ੍ਹਾਂ ਦੌੜਿਆ ਤਾਂ ਖੱਡੇ ਵਿੱਚ ਜਾ ਡਿੱਗਾ। ਜਿਵੇਂ ਤਿਵੇਂ ਨਿਕਲਿਆ ਤਾਂ ਇਕ ਵੱਡੇ ਪੱਥਰ ਨਾਲ ਜਾ ਟਕਰਾਇਆ ਅਤੇ ਜ਼ਖ਼ਮੀ ਹੋ ਗਿਆ। ਸਾਰੇ ਖਰਗੋਸ਼ ਦੇ ਪਾਗਲਪਨ ਤੇ ਚਕਰਾਏ। ਕਛੂਆ ਇੰਝ ਫਿਰ ਜਿੱਤ ਗਿਆ ਤਾਂ ਕਈਆਂ ਨੇ ਉਸ ਨੂੰ ਮੋਢੇ ਤੇ ਬਿਠਾ ਲਿਆ।


ਉਸ ਨੇ ਕਿਹਾ - ਮੈਨੂੰ ਛੱਡੋ, ਖਰਗੋਸ਼ ਭਰਾ ਨੂੰ ਸੰਭਾਲੋ, ਉਹਨੂੰ ਗਹਿਰੀ ਸੱਟ ਤਾਂ ਨਹੀਂ ਲੱਗੀ। ਹਾਜ਼ਿਰ ਭੀੜ ਕਛੂਏ ਦੀ ਭਾਵਨਾ ਵੇਖ ਕੇ ਦੰਗ ਰਹਿ ਗਈ। ਕੁਝ ਜੰਗਲਵਾਸੀ ਦੌੜੇ। ਉਸ ਦੇ ਸਿਰ ਤੇ ਸੱਟ ਕਾਰਣ ਖ਼ੂਨ ਵਹਿ ਰਿਹਾ ਸੀ। ਜਾਨਵਰ ਉਸ ਨੂੰ ਵੈਦ ਕਾਂ ਦੇ ਕੋਲ ਲੈ ਗਏ। ਉਸ ਨੇ ਪੱਟੀ ਬੰਨੀ। ਅੱਖਾਂ, ਨੱਕ-ਮੂੰਹ ਸਾਫ ਕੀਤੇ। ਉਹ ਥੋੜੀ ਦੇਰ ਬਾਦ ਹੋਸ਼ ਵਿੱਚ ਆਉਂਦੇ ਹੀ ਸਭ ਸਮਝ ਗਿਆ। ਕਛੂਆ ਕੋਲ ਬੈਠਾ ਉਹਨੂੰ ਚਿੰਤਤ ਹੋ ਕੇ ਵੇਖ ਰਿਹਾ ਸੀ। ਹੋਸ਼ ਵਿੱਚ ਆਉਂਦੇ ਵੇਖ ਕੇ ਖੁਸ਼ ਹੋਇਆ ਫਿਰ ਬੋਲਿਆ- ਮੇਰੇ ਕਾਰਣ ਤੈਨੂੰ ਸੱਟ ਪਹੁੰਚੀ ਹੈ। ਮੈਂ ਹਾਰ ਸਵੀਕਾਰਦਾ ਹਾਂ। ਤੂੰ ਜੇਤੂ ਹੋਇਆ ਸਮਝ।

ਕਾਂ ਨੇ ਸਮਝਾਇਆ - ਇਹ ਜੁੱਤੇ ਟੋਪੀ ਨਹੀਂ ਜਿਤਾਉਂਦੇ। ਕਹਾਵਤ ਹੈ - ਯੁੱਧ ਸਿਰਫ ਹਥਿਆਰ ਨਾਲ ਨਹੀਂ ਧੀਰਜ ਅਤੇ ਹੌਂਸਲੇ ਨਾਲ ਜਿੱਤਿਆ ਜਾਂਦਾ ਹੈ। ਉਸੇ ਤਰ੍ਹਾਂ ਧੀਰਜ ਨਾਲ ਸਭ ਹਾਸਿਲ ਹੁੰਦਾ ਹੈ। ਹੜਬੜੀ ਅਤੇ ਚੰਚਲਤਾ, ਘਬਰਾਹਟ ਨਾਲ ਨਹੀਂ।

ਖਰਗੋਸ਼ ਨੇ ਸਵੀਕਾਰ ਕਰ ਲਿਆ- ਮਨ ਨੂੰ ਜਿੱਤਣਾ ਹੀ ਸੱਚੀ ਜਿੱਤ ਹੈ।

ਮੂਲ - ਪ੍ਰੇਮ ਪ੍ਰਕਾਸ਼ ਭੁਟੇਜਾ
ਅਨੁਵਾਦ - ਸੁਰਿੰਦਰ ਰੰਧਾਵਾ

# ਦੁਸ਼ਮਣ ਨਹੀਂ ਦੁਸ਼ਮਣੀ ਨੂੰ ਮਾਰੋ



ਬਹੁਤ ਦਿਨਾਂ ਤੋਂ ਦੋ ਦੇਸ਼ਾਂ ਦੀ ਲੜਾਈ ਹੋ ਰਹੀ ਸੀ। ਦੋਹਾਂ ਦੇਸ਼ਾਂ ਦੇ ਕਾਫੀ ਸੈਨਿਕ ਮਾਰੇ ਗਏ। ਸਰਹੱਦੀ ਇਲਾਕੇ ਖ਼ੂਨ-ਖਰਾਬੇ ਨਾਲ ਭਰੇ ਹੋਏ ਸਨ। ਇਕ ਰਾਤ ਕੁਝ ਜਖਮੀ ਸੈਨਿਕ ਆਪਣੀਆਂ ਬੈਰਕਾਂ ਵਿੱਚ ਵਾਪਸ ਜਾ ਰਹੇ ਸਨ।

ਇਕ ਜ਼ਖਮੀ ਸੈਨਿਕ ਨੇ ਰਾਤ ਦੇ ਘੁੱਪ-ਹਨ੍ਹੇਰੇ ਵਿੱਚ ਇਕ ਝੌਂਪੜੀ ਦਾ ਦਰਵਾਜ਼ਾ ਖੜਕਾਇਆ। ਇਕ ਬਜ਼ੁਰਗ ਔਰਤ ਨੇ ਦਰਵਾਜਾ ਖੋਲ੍ਹਿਆ। ਉਸ ਨੇ ਬਿਨਾ ਕੁਝ ਪੁੱਛੇ ਹੀ ਨੌਜਵਾਨ ਸੈਨਿਕ ਨੂੰ ਅੰਦਰ ਆਉਣ ਦਿਤਾ। ਸੈਨਿਕ ਨੇ ਕਿਹਾ- ਮੇਰੀ ਬਾਂਹ ਵਿੱਚ ਗੋਲੀ ਲੱਗ ਗਈ ਹੈ। ਮੈਨੂੰ ਮਦਦ ਚਾਹੀਦੀ ਹੈ। ਬਜ਼ੁਰਗ ਔਰਤ ਨੇ ਕਿਹਾ - ਦੇਖੋ ਬੇਟਾ ਮੈਂ ਘਰ ਵਿੱਚ ਇਕੱਲੀ ਹਾਂ। ਮੇਰਾ ਬੇਟਾ ਵੀ ਫੌਜੀ ਹੈ ਪਰ ਇਥੇ ਨਹੀਂ ਹੈ। ਮੈਂ ਜੋ ਮਦਦ ਕਰ ਸਕਦੀ ਹਾਂ ਜ਼ਰੂਰ ਕਰਾਂਗੀ। ਤੁਸੀਂ ਲੱਕੜੀਆਂ ਦੀ ਅੱਗ ਕੋਲ ਬੈਠ ਕੇ ਆਰਾਮ ਕਰੋ। ਫਿਰ ਉਹ ਗਰਮ ਚਾਹ ਅਤੇ ਬ੍ਰੈਡ ਪੀਸ ਲੈ ਕੇ ਆਈ।

ਸੈਨਿਕ ਨੇ ਚਾਹ ਪੀਣ ਵੇਲੇ ਇਧਰ-ਉਧਰ ਵੇਖਿਆ ਤਾਂ ਉਸ ਨੂੰ ਯਕੀਨ ਨਹੀਂ ਆ ਰਿਹਾ ਸੀ ਕਿ ਉਹ ਆਪਣੇ ਹੀ ਇਲਾਕੇ ਵਿੱਚ ਹੈ। ਜੇ ਦੁਸ਼ਮਣ ਦਾ ਇਲਾਕਾ ਹੋਇਆ ਤਾਂ ਇਹ ਬਜ਼ੁਰਗ ਔਰਤ ਮੈਨੂੰ ਮਾਰਨ ਦਾ ਤਰੀਕਾ ਲੱਭ ਲਵੇਗੀ, ਸ਼ਾਇਦ ਜ਼ਹਿਰ ਦੇ ਕੇ ਪਰ ਸੈਨਿਕ ਮਜ਼ਬੂਰ ਸੀ। ਉਸ ਦਾ ਖ਼ੂਨ ਬਹੁਤ ਵਹਿ ਰਿਹਾ ਸੀ।

ਬਜ਼ੁਰਗ ਔਰਤ ਨੇ ਕਿਹਾ - ਕੀ ਮੈਂ ਤੇਰੀ ਕਮੀਜ਼ ਉਤਾਰਨ ਵਿੱਚ ਮਦਦ ਕਰ ਦੇਵਾਂ ਤਾਂ ਕਿ ਮੈਨੂੰ ਜ਼ਖਮ ਨਜ਼ਰ ਆ ਜਾਵੇ। ਸੈਨਿਕ ਨੇ ਕਿਹਾ - ਨਹੀਂ ਕੋਈ ਨਹੀਂ ਮੈਂ ਆਪ ਹੀ। ਪਰ ਉਹ ਜਾਣਦਾ ਸੀ ਕਿ ਉਸ ਨੂੰ ਮਦਦ ਵੀ ਜਲਦੀ ਚਾਹੀਦੀ ਹੈ। ਇਕ ਘੰਟੇ ਬਾਅਦ ਦਰਵਾਜਾ ਖੜਕਿਆ ਅਤੇ ਇਕ ਹੋਰ ਨੌਜਵਾਨ ਸੈਨਿਕ ਅੰਦਰ ਆ ਗਿਆ।

'ਮਾਂ'- ਉਹ ਬੋਲਿਆ। ਵਾਹ! ਮੇਰੇ ਪੁੱਤਰ ਤੂੰ ਆ ਗਿਆ। ਕਈ ਦਿਨਾਂ ਬਾਅਦ ਤੂੰ ਘਰ ਆਇਆ। ਮੈਨੂੰ ਬੜੀ ਖੁਸ਼ੀ ਹੈ। -ਬਜ਼ੁਰਗ ਔਰਤ ਨੇ ਕਿਹਾ। ਉਸ ਨੇ ਜਖਮੀ ਸੈਨਿਕ ਨੂੰ ਵੇਖਿਆ ਤੇ ਮੰਮੀ ਨੂੰ ਪੁੱਛਿਆ - ਇਹ ਕੌਣ ਹੈ? ਮੰਮੀ ਨੇ ਕਿਹਾ - ਬੇਟਾ ਉਹ ਅਜੇ ਹੁਣੇ ਹੀ ਸੁੱਤਾ ਹੈ। ਸੈਨਿਕ ਨੇ ਕਿਹਾ- ਇਸ ਨੂੰ ਜਲਦੀ ਜਗਾਉ। ਇਹ ਤਾਂ ਸਾਡਾ ਦੁਸ਼ਮਣ ਹੈ। ਤੂੰ ਇਸ ਨੂੰ ਅੰਦਰ ਬੁਲਾ ਕੇ ਸਾਨੂੰ ਸਭ ਨੂੰ ਮੁਸੀਬਤ ਵਿੱਚ ਪਾ ਦਿੱਤਾ ਹੈ। ਮਾਂ ਨੇ ਕਿਹਾ- ਉਹ ਤਾਂ ਬੁਰੀ ਤਰ੍ਹਾਂ ਜ਼ਖਮੀ ਹੈ, ਦੁਸ਼ਮਣ ਹੈ ਤਾਂ ਵੀ ਸਾਨੂੰ ਉਸ ਦੀ ਮਦਦ ਕਰਨੀ ਚਾਹੀਦੀ ਹੈ। ਸੈਨਿਕ ਪੁੱਤਰ ਨੇ ਗੁੱਸੇ ਵਿੱਚ ਬਹੁਤ ਕੁਝ ਕਿਹਾ - ਮਾਂ ਚੁੱਪ ਰਹੀ। ਦੋਹਾਂ ਦੀ ਆਵਾਜ਼ ਸੁਣ ਕੇ ਜਖਮੀ ਸੈਨਿਕ ਜਾਗ ਪਿਆ। ਇਕਦਮ ਉਸ ਨੇ ਮਹਿਸੂਸ ਕਰ ਲਿਆ ਕਿ ਉਹ ਤਾਂ ਦੁਸ਼ਮਣ ਦੀ ਇਲਾਕੇ ਵਿੱਚ ਫਸ ਗਿਆ ਹੈ।



ਬਜ਼ੁਰਗ ਔਰਤ ਨੇ ਕਿਹਾ- ਇਹ ਮੇਰਾ ਪੁੱਤਰ ਹੈ। ਮੈਨੂੰ ਪੂਰਾ ਯਕੀਨ ਹੈ ਕਿ ਅਸੀਂ ਦੋਵੇਂ ਮਿਲ ਕੇ ਤੇਰੀ ਮਦਦ ਜ਼ਰੂਰ ਕਰਾਂਗੇ। ਮਾਂ ਨੇ ਆਪਣੇ ਪੁੱਤਰ ਨੂੰ ਰਾਜੀ ਕਰ ਲਿਆ। ਫਿਰ ਦੋਹਾਂ ਨੇ ਮਿਲ ਕੇ ਉਸ ਦੀ ਕਮੀਜ਼ ਦੇ ਬਟਨ ਖੋਲ੍ਹੇ। ਆਪਣੀ ਮਾਂ ਦੇ ਕਹਿਣ ਤੇ ਉਸ ਨੇ ਜਖਮੀ ਸੈਨਿਕ ਦੇ ਵਹਿੰਦੇ ਖ਼ੂਨ ਵਾਲੇ ਜ਼ਖ਼ਮ ਵਿਚੋਂ ਗੋਲੀ ਬਾਹਰ ਕੱਢੀ ਅਤੇ ਖ਼ੂਨ ਸਾਫ਼ ਕਰਕੇ ਪੱਟੀ ਬੰਨ੍ਹ ਦਿੱਤੀ ਅਤੇ ਕਿਹਾ- ਮੈਂ ਜੋ ਕਰ ਸਕਦਾ ਸੀ ਕਰ ਦਿਤਾ ਹੈ। ਹੁਣ ਡਾਕਟਰ ਨੂੰ ਵਿਖਾਉ। ਜਖਮੀ ਸੈਨਿਕ ਨੇ ਕਿਹਾ- ਮੈਂ ਜਾਂਦਾ ਹਾਂ ਪਰ ਉਹ ਉਠ ਨਾ ਸਕਿਆ।

ਬਜ਼ੁਰਗ ਔਰਤ ਨੇ ਸਖਤੀ ਨਾਲ ਕਿਹਾ - ਨਹੀਂ ਤੂੰ ਕਿਧਰੇ ਨਹੀਂ ਜਾਵੇਗਾ। ਸਵੇਰ ਹੋਣ ਤੇ ਜਾ ਸਕਦਾ ਏਂ। ਉਹ ਵੀ ਜੇ ਤੂੰ ਚਾਹੁੰਦਾ ਹੋਵੇ ਤਾਂ। ਅੱਜ ਰਾਤ ਤੂੰ ਸਾਡੇ ਕੋਲ ਹੀ ਰਹੇਂਗਾ। ਆਰਾਮ ਨਾਲ ਸੌਂ ਜਾ। ਸਵੇਰੇ ਨਾਸ਼ਤਾ ਕਰਕੇ ਅਤੇ ਚਾਹ ਪਾਣੀ ਪੀ ਕੇ ਬੇਸ਼ਕ ਤੁਰ ਜਾਣਾ। ਜਖਮੀ ਸੈਨਿਕ ਨੇ ਕਿਹਾ- ਮੈਂ ਤੁਹਾਡਾ ਧੰਨਵਾਦ ਕਿਵੇਂ ਕਰ ਸਕਦਾ ਹਾਂ?

ਬਜ਼ੁਰਗ ਔਰਤ ਨੇ ਜਵਾਬ ਦਿਤਾ - ਦੁਸ਼ਮਣੀ ਮਾਰ ਕੇ, ਦੁਸ਼ਮਣ ਨੂੰ ਨਹੀਂ।

ਜਖਮੀ ਸੈਨਿਕ ਨੂੰ ਸਮਝ ਨਾ ਆਵੇ ਕਿ ਉਹ ਕੀ ਬੋਲੇ। ਫਿਰ ਉਸ ਨੇ ਕਿਹਾ - ਮੈਂ ਆਪਣੇ ਵਲੋਂ ਪੂਰੀ ਕੋਸ਼ਿਸ਼ ਕਰਾਂਗਾ। ਉਸ ਨੇ ਮਾਂ ਦੇ ਸੈਨਿਕ ਬੇਟੇ ਵੱਲ ਹੱਥ ਵਧਾਇਆ ਪਰ ਉਸ ਨੇ ਅਗੋਂ ਗਲਵਕੜੀ ਪਾ ਲਈ। ਜਖਮੀ ਸੈਨਿਕ ਨੇ ਕਿਹਾ - ਸਾਨੂੰ ਸਭ ਨੂੰ ਤੇਰੀ ਮਾਂ ਵਾਂਗ ਹੀ ਕਰਨਾ ਚਾਹੀਦਾ ਹੈ ਕਿ ਦੁਸ਼ਮਣੀ ਮਾਰੋ ਦੁਸ਼ਮਣ ਨੂੰ ਨਹੀਂ। ਦੁਸ਼ਮਣ ਵੀ ਸਾਡੇ ਵਾਂਗ ਹੱਡ-ਮਾਸ ਦੇ ਬਣੇ ਹੁੰਦੇ ਹਨ। ਉਹਨਾਂ ਵਿਚੋਂ ਕਈਆਂ ਦਾ ਦਿਲ ਸੋਨੇ ਵਰਗਾ ਹੁੰਦਾ ਹੈ। ਮੈਂ ਵਾਇਦਾ ਕਰਦਾ ਹਾਂ ਕਿ ਮੈਂ ਇੰਝ ਹੀ ਕਰਾਂਗਾ। ਤੁਸੀਂ ਵੀ ਇੰਝ ਹੀ ਕਰਨਾ।

ਜਖਮੀ ਸੈਨਿਕ ਚਲਾ ਗਿਆ ਅਤੇ ਉਸ ਰਾਤ ਉਸ ਨੂੰ ਸਮਝ ਆ ਗਈ ਕਿ ਭਰਾਤਰੀਭਾਵ ਕੀ ਹੁੰਦਾ ਹੈ। ਉਹ ਸਮਝ ਗਿਆ ਕਿ ਦੁਸ਼ਮਣੀ ਨੂੰ ਖਤਮ ਕਰਨ ਦਾ ਇਕ ਹੀ ਹਥਿਆਰ ਹੈ ਉਹ ਹੈ ਪਿਆਰ।

ਸਿਖਿਆ - ਜਿਥੇ ਪਿਆਰ ਹੁੰਦਾ ਹੈ ਉਥੇ ਕੋਈ ਵੀ ਕਿਸੇ ਦਾ ਨੁਕਸਾਨ ਨਹੀਂ ਕਰ ਸਕਦਾ।

# ਹਾਸਾ ਖੇਡਾ

ਰਾਜ : ਮੇਰਾ ਬੇਟਾ ਰਾਤਭਰ 'ਬੁੱਕ' ਲੈ ਕੇ ਬੈਠਾ ਰਹਿੰਦਾ ਸੀ।
ਜੀਤ : ਫਿਰ ਵੀ ਉਹ ਫੇਲ ਕਿਉਂ ਹੋਇਆ?
ਰਾਜ : ਕਿਉਂਕਿ ਉਹ ਨੇਟ ਦੀ 'ਫੇਸਬੁੱਕ' ਤੇ ਬੈਠਾ ਰਹਿੰਦਾ ਸੀ।

.........

ਅਧਿਆਪਕ : (ਵਿਦਿਆਰਥੀ ਨੂੰ) ਮੁਗਲਾਂ ਦਾ ਸ਼ਾਸਨ ਕਦ ਤੋਂ ਕਦ ਤਕ ਸੀ।
ਵਿਦਿਆਰਥੀ : ਸਰ! ਇਤਿਹਾਸ ਦੀ ਪੁਸਤਕ ਪੰਨਾ ਨੰ: 12 ਤੋਂ 27 ਤਕ।

.........

ਗ੍ਰਹਿਣੀ : (ਦੁੱਧ ਵਾਲੇ ਨੂੰ) ਸਵੇਰੇ 6 ਵਜੇ ਦੁੱਧ ਦੇਣ ਆਇਆ ਕਰੋ।
ਦੁੱਧ ਵਾਲਾ : ਮੈਡਮ, ਜਲਦੀ ਨਹੀਂ ਆ ਸਕਦਾ ਕਿਉਂਕਿ 6 ਵਜੇ ਨਲਕੇ ਵਿੱਚ ਪਾਣੀ ਨਹੀਂ ਆਉਂਦਾ।

.........

ਇਕ ਗਵਾਂਢੀ : (ਦੂਸਰੇ ਗਵਾਂਢੀ ਨੂੰ) ਅੱਜ ਤੂੰ ਐਨਾ ਦੁੱਖੀ ਕਿਉਂ ਹੈ?
ਦੂਸਰਾ ਗਵਾਂਢੀ : ਅੱਜ ਸਾਡੇ ਕਿਰਾਏਦਾਰ ਦੀ ਸਾਈਕਲ ਚੋਰੀ ਹੋ ਗਈ।
ਪਹਿਲਾ ਗਵਾਂਢੀ : ਇਸ ਵਿੱਚ ਤੈਨੂੰ ਕੀ ਲੈਣਾ-ਦੇਣਾ?
ਦੂਸਰਾ ਗਵਾਂਢੀ : ਕਿਉਂ ਨਹੀਂ ਲੈਣਾ-ਦੇਣਾ, ਹੁਣ ਮੈਂ ਰਾਸ਼ਨ ਦੀ ਦੁਕਾਨ ਤੋਂ ਘਰ ਤਕ ਰਾਸ਼ਨ ਕਿਸ ਤੇ ਰੱਖ ਕੇ ਲਿਆਵਾਂਗਾ?



- ਪ੍ਰੀਤੀ

ਔਰਤ : (ਦੁਕਾਨਦਾਰ ਨੂੰ) ਸੂਤੀ ਸਾੜੀ ਦੇਣਾ।
ਦੁਕਾਨਦਾਰ : (ਨੌਕਰ ਨੂੰ) ਬਨਾਰਸੀ ਸਾੜੀ ਦੇਣਾ।
ਔਰਤ : ਭਾਈ ਸਾਹਿਬ, ਬਨਾਰਸੀ ਨਹੀਂ ਸੂਤੀ ਸਾੜੀ ਚਾਹੀਦੀ ਹੈ।
ਦੁਕਾਨਦਾਰ : ਮੈਡਮ, ਸੂਤੀ ਸਾੜੀ ਹੀ ਦੇਵਾਂਗਾ। ਬਨਾਰਸੀ ਤਾਂ ਨੌਕਰ ਦਾ ਨਾਮ ਹੈ।



.........

- ਇਹ ਰੇਡੀਓ ਵਾਲਾ ਤਾਂ ਬਹੁਤ ਝੂਠ ਬੋਲਦਾ ਹੈ।
- ਉਹ ਕਿਵੇਂ?
- ਵੇਖੋ ਨਾ, ਬੋਲਦੇ ਤਾਂ ਜ਼ਮੀਨ ਤੋਂ ਹਨ ਅਤੇ ਕਹਿੰਦੇ ਹਨ – ਇਹ ਅਕਾਸ਼ਵਾਣੀ ਹੈ।

.........

ਸੇਠ : (ਨੌਕਰ ਨੂੰ) ਸ਼ਾਮ, ਜਰਾ ਇਹ ਬਿਜਲੀ ਦਾ ਤਾਰ ਫੜਨਾ।
ਨੌਕਰ : (ਝਟਕਾ ਲਗਣ ਦੇ ਬਾਦ) ਮਾਲਿਕ ਇਸ ਵਿੱਚ ਕਰੰਟ ਹੈ।
ਸੇਠ : ਠੀਕ ਹੈ ਸ਼ਾਮ, ਮੈਂ ਇਹੀ ਪਤਾ ਕਰਨਾ ਸੀ।

.........

ਰਾਜੂ : ਰਮੇਸ਼ ਕੀ ਤੇਰਾ ਦੰਦ ਹਾਲਾਂ ਵੀ ਦਰਦ ਕਰ ਰਿਹਾ ਹੈ?
ਰਮੇਸ਼ : ਪਤਾ ਨਹੀਂ ਉਹ ਤਾਂ ਡਾਕਟਰ ਦੇ ਕੋਲ ਹੈ।

- ਸੁਭਾਸ਼

ਬਾਜੀਗਰ : ਵੇਖੀਏ ਸਾਹੇਬਾਨ ਮੈਂ ਮੀਨਾਰ ਤੋਂ ਛਾਲ ਮਾਰਾਂਗਾ ਅਤੇ ਹੇਠਾਂ ਨਹੀਂ ਆਵਾਂਗਾ।



ਦਰਸ਼ਕ : ਇਹ ਤਾਂ ਕੋਈ ਨਵੀ ਗੱਲ ਨਹੀਂ। ਮੀਨਾਰ ਤੋਂ ਛਾਲ ਮਾਰਨ ਵਾਲਾ ਹਰ ਆਦਮੀ ਉਪਰ ਹੀ ਜਾਂਦਾ ਹੈ।

..........

ਬਸ ਕੰਡਕਟਰ : ਕੇਵਲ 12 ਸਾਲ ਤੋਂ ਘੱਟ ਉਮਰ ਦੇ ਬੱਚੇ ਹੀ ਅੱਧੇ ਟਿਕਟ ਤੇ ਯਾਤਰਾ ਕਰ ਸਕਦੇ ਹਨ।

ਇਕ ਲੜਕਾ : ਮੈਂ ਗਿਆਰਾਂ ਸਾਲ, 11 ਮਹੀਨੇ ਅਤੇ 29 ਦਿਨ ਦਾ ਹਾਂ।

ਬਸ ਕੰਡਕਟਰ : ਤੇਰਾ 12ਵਾਂ ਸਾਲ ਕਦ ਪੂਰਾ ਹੋਏਗਾ?

ਲੜਕਾ : ਜਦ ਮੈਂ ਬਸ ਤੋਂ ਉਤਰਾਂਗਾ ਤਦ।

..........

ਇਕ ਵਿਅਕਤੀ ਸਾਈਕਲ ਤੇ ਜਾ ਰਿਹਾ ਸੀ ਕਿ ਅਚਾਨਕ ਉਸ ਦੀ ਟੱਕਰ ਨਿਖਿਲ ਨਾਲ ਹੋ ਗਈ।

ਨਿਖਿਲ : ਭਾਈ ਘੰਟੀ ਦੇ ਕੇ ਸਾਈਕਲ ਚਲਾਇਆ ਕਰੋ।

ਵਿਅਕਤੀ : ਅਰੇ ਵਾਹ! ਅਗਰ ਘੰਟੀ ਤੈਨੂੰ ਦੇ ਦੇਵਾਂਗਾ ਤਾਂ ਵਜਾਊਂਗਾ ਕੀ?

– ਰਾਧਾ ਨਾਚੀਜ

ਇਕ ਨੇਤਾ ਨੂੰ ਉਸ ਦੇ ਪੁੱਤਰ ਨੇ ਕਿਹਾ – ਆਪ ਦੀ ਅਤੇ ਮੰਮੀ ਦੀ ਲੜਾਈ ਵਿੱਚ ਮੈਂ ਨਹੀਂ ਪੈਂਦਾ। ਆਪ ਨੂੰ ਬਾਹਰ ਤੋਂ ਮੇਰਾ ਸਮਰਥਨ ਮਿਲਦਾ ਰਹੇਗਾ।

..........

ਮੈਡਮ : (ਪੂਜਾ ਨੂੰ) ਬੇਟਾ, ਕੀ ਤੂੰ ਵੱਡੀ ਹੋ ਕੇ ਟੀਚਰ ਬਣੇਗੀ?

ਪੂਜਾ : ਜੀ ਨਹੀਂ।

ਮੈਡਮ : ਕਿਉਂ?

ਪੂਜਾ : ਮੈਡਮ ਜੀ, ਕੀ ਮੈਂ ਸਾਰੀ ਉਮਰ ਸਕੂਲ ਹੀ ਆਉਂਦੀ ਰਹਾਂਗੀ।

..........

ਇੰਦੂ : ਮੈਂ ਕੋਈ ਵੀ ਜਟਿਲ ਤੋਂ ਜਟਿਲ ਕੰਮ ਕਰ ਸਕਦੀ ਹਾਂ।

ਆਰਤੀ : ਕਿਵੇਂ।

ਇੰਦੂ : ਮੈਂ ਟੇਡੀ-ਮੇਡੀ ਮੂਲੀ ਨੂੰ ਵੀ ਛਿਲ ਸਕਦੀ ਹਾਂ।



..........

ਰਾਜੂ : (ਅਨਿਲ ਨੂੰ) ਮੇਰੇ ਇਕ ਦੋਸਤ ਦੀ ਟ੍ਰੈਵਲ ਏਜੰਸੀ ਹੈ।

ਅਨਿਲ : ਉਹ ਕੀ ਕਰਦਾ ਹੈ? ਕਿੰਨੀਆਂ ਗੱਡੀਆਂ ਹਨ?

ਰਾਜੂ : ਅਰੇ, ਗੱਡੀਆਂ ਨਹੀਂ, ਉਹ ਰਿਕਸ਼ੇ ਕਿਰਾਏ ਤੇ ਦਿੰਦਾ ਹੈ।

– ਨਰੇਸ਼ ਕੁਮਾਰ

❑ ਸੁੰਦਰਪਾਲ ਪ੍ਰੇਮੀ

# ਬਾਪੂ ਗਾਂਧੀ



ਸੱਚਾ-ਸੁੱਚਾ ਜੀਵਨ ਲੰਘਾਇਆ ਬਾਪੂ ਗਾਂਧੀ ਨੇ।
ਸੱਚ ਦਾ ਸਦਾ ਸਾਥ ਨਿਭਾਇਆ ਬਾਪੂ ਗਾਂਧੀ ਨੇ।

ਸਾਦਗੀ ਦਾ ਮਾਡਲ ਅਪਨਾਇਆ ਬਾਪੂ ਗਾਂਧੀ ਨੇ।
ਊਚ-ਨੀਚ ਨੂੰ ਠੁਕਰਾਇਆ ਬਾਪੂ ਗਾਂਧੀ ਨੇ।

ਦੱਬੇ – ਕੁਚਲਿਆਂ ਨੂੰ ਗਲ ਲਾਇਆ ਬਾਪੂ ਗਾਂਧੀ ਨੇ।
ਸਭ ਧਰਮਾਂ ਅਗੇ ਸਿਰ ਝੁਕਾਇਆ ਬਾਪੂ ਗਾਂਧੀ ਨੇ।

ਅਹਿੰਸਾ ਦਾ ਪਾਠ ਪੜ੍ਹਾਇਆ ਬਾਪੂ ਗਾਂਧੀ ਨੇ।
ਲੋਕਾਂ ਨੂੰ ਆਪਣਾ ਦੀਵਾਨਾ ਬਣਾਇਆ ਬਾਪੂ ਗਾਂਧੀ ਨੇ।


ਖਾਦੀ ਪਹਿਨਣ ਤੇ ਜ਼ੋਰ ਲਗਾਇਆ ਬਾਪੂ ਗਾਂਧੀ ਨੇ।
ਵਿਦੇਸ਼ੀ ਕਪੜੇ ਦਾ ਬਾਈਕਾਟ ਕਰਾਇਆ ਬਾਪੂ ਗਾਂਧੀ ਨੇ।

ਅੰਦੋਲਨਾਂ ਦਾ ਦੌਰ ਚਲਾਇਆ ਬਾਪੂ ਗਾਂਧੀ ਨੇ।
'ਭਾਰਤ ਛੱਡੋ' ਦਾ ਨਾਅਰਾ ਲਾਇਆ ਬਾਪੂ ਗਾਂਧੀ ਨੇ।

ਗੋਰਿਆਂ ਅਗੇ ਨਾ ਸਿਰ ਝੁਕਾਇਆ ਬਾਪੂ ਗਾਂਧੀ ਨੇ।
ਆਜ਼ਾਦੀ ਖਾਤਿਰ ਤਨ ਮਨ ਲਾਇਆ ਬਾਪੂ ਗਾਂਧੀ ਨੇ।

ਭਾਰਤ ਮਾਂ ਨੂੰ ਆਜ਼ਾਦ ਕਰਾਇਆ ਬਾਪੂ ਗਾਂਧੀ ਨੇ।
ਦੇਸ਼-ਵਿਦੇਸ਼ ਵਿੱਚ ਆਦਰ ਪਾਇਆ ਬਾਪੂ ਗਾਂਧੀ ਨੇ।

ਮਨੁੱਖਤਾ ਨਾਲ ਪਿਆਰ ਜਤਾਇਆ ਬਾਪੂ ਗਾਂਧੀ ਨੇ।
ਅਮਲ ਕਰੇ ਪ੍ਰੇਮੀ ਜੋ ਸਿਖਾਇਆ ਬਾਪੂ ਗਾਂਧੀ ਨੇ।



ਪੇਸ਼ਕਸ਼ : ਵਿਕਾਸ ਅਰੋੜਾ

# ਸਾਧਾਰਣ ਗਿਆਨ ਪ੍ਰਸ਼ਨੋਤਰੀ?



(ਸਭ ਸਵਾਲਾਂ ਦੇ ਜੁਆਬ 'ਲ' ਅੱਖਰ ਤੇ ਖਤਮ ਹੁੰਦੇ ਹਨ। ਪੈਨ ਜਾਂ ਪੈਂਸਿਲ ਉਠਾਉ ਅਤੇ ਪ੍ਰਸ਼ਨਚਿੰਨ ਦੇ ਬਾਅਦ ਉੱਤਰ ਲਿਖਦੇ ਜਾਉ।)

ਪ੍ਰਸ਼ਨ 1) ਉਤਰਾਖੰਡ ਰਾਜ ਦਾ ਪੁਰਾਣਾ ਨਾਂ ਕੀ ਸੀ?

ਪ੍ਰਸ਼ਨ 2) ਭਗਵਾਨ ਸ੍ਰੀ ਕ੍ਰਿਸ਼ਣ ਦੇ ਵੱਡੇ ਭਰਾ ਬਲਰਾਮ ਦਾ ਕਿਹੜਾ ਅਸਤਰ ਸੀ?

ਪ੍ਰਸ਼ਨ 3) ਅਰਜੁਨ ਤੋਂ ਛੋਟਾ ਅਤੇ ਸਹਿਦੇਵ ਤੋਂ ਵੱਡਾ ਪਾਂਡਵ ਕੌਣ ਸੀ?

ਪ੍ਰਸ਼ਨ 4) ਊਰਜਾ ਦਾ ਮਾਤ੍ਰਿਕ ਕੀ ਹੈ?

ਪ੍ਰਸ਼ਨ 5) ਸੰਦੇਸ਼ ਅਤੇ ਮਿਸ਼ਠੀ ਦੋਈ ਕਿਸ ਰਾਜ ਦੇ ਵਿਅੰਜਨ ਹਨ?

ਪ੍ਰਸ਼ਨ 6) ਆਗਰਾ ਵਿਚ ਸ਼ਾਹਜਹਾਂ ਰਾਹੀਂ ਆਪਣੀ ਪਤਨੀ ਮੁਮਤਾਜ ਦੀ ਯਾਦ ਵਿਚ ਬਣਵਾਏ ਗਏ ਮਕਬਰੇ ਦਾ ਨਾਂ ਕੀ ਹੈ?

ਪ੍ਰਸ਼ਨ 7) ਅਕਬਰ ਨਾਮਕ ਪੁਸਤਕ ਦੇ ਲੇਖਕ ਕੌਣ ਸਨ?

ਪ੍ਰਸ਼ਨ 8) ਕੋਡਾਈ ਝੀਲ ਤਾਮਿਲਨਾਡੂ ਦੇ ਕਿਸ ਸ਼ਹਿਰ ਵਿਚ ਹੈ?

ਪ੍ਰਸ਼ਨ 9) ਸੰਨ 2016 ਦੀਆਂ ਉਲੰਪਿਕ ਖੇਡਾਂ ਕਿਸ ਦੇਸ਼ ਵਿਚ ਹਨ?

ਪ੍ਰਸ਼ਨ 10) ਉਤਰਾਖੰਡ ਰਾਜ ਦਾ ਹਾਈਕੋਰਟ ਕਿਸ ਸ਼ਹਿਰ ਵਿਚ ਹੈ?

ਪ੍ਰਸ਼ਨ 11) ਮ੍ਰਿਤ ਸਾਗਰ ਜੋਰਡਨ ਕਿਸ ਦੇਸ਼ ਦੀ ਸੀਮਾ ਤੇ ਹੈ?

ਪ੍ਰਸ਼ਨ 12) ਕੋਲਕਾਤਾ ਵਿਚ ਸਥਿਤ ਸੰਗਮਰਮਰ ਨਾਲ ਬਣਿਆ ਕਿਹੜਾ ਸਮਾਰਕ ਮਹਾਰਾਣੀ ਵਿਕਟੋਰੀਆ ਦੀ ਯਾਦ ਵਿਚ ਬਣਾਇਆ ਗਿਆ ਸੀ?

(ਸਹੀ ਉੱਤਰ ਕਿਸੇ ਹੋਰ ਪੰਨੇ ਤੇ ਵੇਖੋ)

# ਕਿੱਟੀ

ਚਿੱਤਰਕਾਰ ਅਤੇ ਲੇਖਕ - ਅਜੈ ਕਾਲੜਾ




ਕਿੱਟੀ, ਮੈਂ ਤੈਨੂੰ ਕਹਿ ਰਹੀ ਹਾਂ ਅਤੇ ਤੂੰ ਹੈਂ ਕਿ ਟੀ.ਵੀ. ਵੇਖ ਰਹੀ ਹੈ। ਕਿੱਟੀ ਤੂੰ ਬਹੁਤ ਲਾਪਰਵਾਹ ਹੁੰਦੀ ਜਾ ਰਹੀ ਹੈਂ।
ਚਲ ਹੁਣ ਮੇਰੇ ਨਾਲ ਅਤੇ ਪੜ੍ਹ।
ਮਾਂ, ਬਸ ਥੋੜੀ ਦੇਰ ਹੋਰ.....
ਚਲ ਹੁਣੇ ਮੇਰੇ ਨਾਲ ਤੂੰ ਇੰਝ ਨਹੀਂ ਮੰਨੇਗੀ।
ਮੈਂ ਅਜੇ ਨਹੀਂ ਪੜ੍ਹਨਾ।
ਅਗਲੇ ਦਿਨ ਸਵੇਰੇ ....


ਚਲੋ ਸਕੂਲ ਜਾਉ। ਜਾ ਕੇ ਆਪਣੇ ਅਧਿਆਪਕਾਂ ਨੂੰ ਪ੍ਰੇਸ਼ਾਨ ਨਾ ਕਰਨਾ।
ਠੀਕ ਹੈ ਮਾਂ।
ਕਿੱਟੀ, ਹਿੰਦੀ ਦੇ ਅਧਿਆਪਕ ਕੁਝ ਲਿਖਣ ਲਈ ਕਹਿ ਰਹੇ ਹਨ। ਤੂੰ ਲਿਖ ਕਿਉਂ ਨਹੀਂ ਰਹੀ?
ਅਧਿਆਪਕ ਦੇ ਜਾਂਦੇ ਹੀ........ ਕਿੱਟੀ ਜ਼ੋਰ-ਜ਼ੋਰ ਨਾਲ ਰੋਣ ਲੱਗਦੀ ਹੈ।
ਕੀ ਹੋਇਆ ਕਿੱਟੀ? ਤੂੰ ਰੋ ਕਿਉਂ ਰਹੀ ਹੈਂ?
ਪਿੰਕੀ ਮੈਨੂੰ ਪਤਾ ਹੀ ਨਹੀਂ ਲੱਗਦਾ ਕਿ ਅਧਿਆਪਕ ਜੀ ਕੀ ਪੜ੍ਹਾ ਰਹੇ ਹਨ? ਦਿਮਾਗ ਵਿੱਚ ਸਾਰੇ ਵਿਸ਼ੇ ਆਪਸ ਵਿੱਚ ਘੁਲ-ਮਿਲ ਜਾਂਦੇ ਹਨ। ਅੱਖਾਂ ਦੇ ਅਗੇ ਹਨ੍ਹੇਰਾ ਜਿਹਾ ਆ ਜਾਂਦਾ ਹੈ। ਮੈਂ ਪੜ੍ਹ ਨਹੀਂ ਸਕਦੀ। ਜਿਸ ਦੀ ਵਜ੍ਹਾ ਨਾਲ ਮੇਰੇ ਮਾਤਾ-ਪਿਤਾ ਵੀ ਮੈਨੂੰ ਡਾਂਟਦੇ ਰਹਿੰਦੇ ਹਨ।


ਤੂੰ ਪ੍ਰੇਸ਼ਾਨ ਨਾ ਹੋ ਕਿੱਟੀ, ਸਭ ਠੀਕ ਹੋ ਜਾਏਗਾ।
ਪਿੰਕੀ, ਕਿੱਟੀ ਦੀ ਪ੍ਰੇਸ਼ਾਨੀ ਦੇ ਬਾਰੇ ਵਿੱਚ ਆਪਣੀ ਮਾਂ ਨੂੰ ਦੱਸਦੀ ਹੈ।
ਮਾਂ ਸੁਣਦੀ ਹੈ।
ਬੇਟੀ ਕਿੱਟੀ ਤਾਂ ਡਿਸਲੇਕਸਿਆ ਨਾਲ ਪੀੜਤ ਹੈ।
ਮਾਂ ਉਹ ਕੀ ਹੁੰਦਾ ਹੈ?
ਬੇਟਾ ਉਹ ਇਕ ਬੀਮਾਰੀ ਹੈ। ਜਿਸ ਦੀ ਵਜ੍ਹਾ ਨਾਲ ਬੱਚੇ ਪੜ ਨਹੀਂ ਸਕਦੇ ਹਨ ਕਿਉਂਕਿ ਉਹ ਬਹੁਤ ਹੌਲੀ-ਹੌਲੀ ਸਿੱਖਦੇ ਹਨ। ਉਹਨਾਂ ਨੂੰ ਬਹੁਤ ਹੀ ਪਿਆਰ ਨਾਲ ਪੜਾਉਣਾ ਅਤੇ ਸਿਖਾਉਣਾ ਪੈਂਦਾ ਹੈ।
ਪਿੰਕੀ ਅਗਲੇ ਹੀ ਦਿਨ ਕਿੱਟੀ ਦੇ ਘਰ ਗਈ ਅਤੇ ਕਿੱਟੀ ਦੇ ਮਾਤਾ-ਪਿਤਾ ਨੂੰ ਇਸ ਬੀਮਾਰੀ ਦੇ ਬਾਰੇ ਵਿੱਚ ਸਭ ਕੁਝ ਦੱਸਦੀ ਹੈ।
ਕਿੱਟੀ ਦੇ ਮਾਤਾ-ਪਿਤਾ ਆਪਣੀ ਗਲਤੀ ਦਾ ਅਹਿਸਾਸ ਕਰਦੇ ਹਨ ਅਤੇ ਪਿੰਕੀ ਦਾ ਧੰਨਵਾਦ ਕਰਦੇ ਹਨ। ਹੁਣ ਉਹ ਕਿੱਟੀ ਨੂੰ ਬਹੁਤ ਹੀ ਪਿਆਰ ਨਾਲ ਰੱਖਦੇ ਹਨ।



ਬਾਲ ਕਹਾਣੀ : ਨੇਹਾ ਗੁਪਤਾ

# ਪਛਤਾਵਾ

ਇਹ ਕਹਾਣੀ ਦੀਵਾਲੀ ਵਾਲੇ ਦਿਨ ਦੀ ਹੈ। ਨੀਤਾ ਬਹੁਤ ਖੁਸ਼ ਸੀ ਕਿਉਂਕਿ ਉਸਦਾ ਸਭ ਤੋਂ ਪਿਆਰਾ ਤਿਉਹਾਰ ਦੀਵਾਲੀ ਜੋ ਸੀ। ਉਹ ਇਸਦੀ ਬੇਸਬਰੀ ਨਾਲ ਉਡੀਕ ਕਰਦੀ ਸੀ। ਨੀਤਾ ਦੀਵਾਲੀ ਵਾਲੇ ਦਿਨ ਘਰ ਨੂੰ ਸਜਾਉਣ ਦੀ ਪੂਰੀ ਜ਼ਿੰਮੇਵਾਰੀ ਆਪਣੇ ਉਪਰ ਲੈ ਲੈਂਦੀ ਸੀ। ਸਾਰਾ ਦਿਨ ਉਹ ਘਰ ਵਿੱਚ ਸਾਫ਼-ਸਫ਼ਾਈ ਕਰਕੇ ਫੁੱਲਾਂ ਦੀ ਝਾਲਰ ਲਗਾਉਂਦੀ ਸੀ ਅਤੇ ਆਪਣੇ ਵਿਹੜੇ ਵਿੱਚ ਜਿਥੇ ਪੂਜਾ ਹੁੰਦੀ ਸੀ, ਉਥੇ ਵੱਡੀ-ਜਿਹੀ ਰੰਗੋਲੀ ਬਣਾਉਂਦੀ ਸੀ। ਸ਼ਾਮ ਹੁੰਦੇ ਹੀ ਉਹ ਆਪਣੇ ਭਰਾ ਦੇ ਨਾਲ ਪਟਾਖੇ ਚਲਾਉਣ ਵਿੱਚ ਮਸਤ ਹੋ ਜਾਂਦੀ ਸੀ।

ਨੀਤਾ ਦੇ ਭਰਾ ਪੰਕਜ ਨੂੰ ਪਟਾਖਿਆਂ ਦਾ ਬਹੁਤ ਹੀ ਸ਼ੌਕ ਸੀ। ਉਹ ਨਵੇਂ-ਨਵੇਂ ਤਰੀਕੇ ਦੇ ਪਟਾਖੇ ਜ਼ਰੂਰ ਲਿਆਉਂਦਾ ਸੀ। ਨੀਤਾ ਦੀ ਭੂਆ ਦਾ ਘਰ ਕੋਲ ਹੀ ਸੀ। ਸਾਰੇ ਲੋਕ ਪੂਜਾ ਕਰਕੇ ਇਕ ਹੀ ਘਰ ਵਿੱਚ ਇੱਕਠੇ ਹੋ ਜਾਂਦੇ ਸਨ ਅਤੇ ਖੂਬ ਸਾਰੇ ਪਟਾਖੇ ਅਨਾਰ, ਚਕਰੀ, ਫੁਲਝੜੀ ਆਦਿ ਇਕੱਠੇ ਮਿਲ ਕੇ ਚਲਾਉਂਦੇ ਸਨ।

ਨੀਤਾ ਨੂੰ ਅੱਜ ਰੰਗੋਲੀ ਬਣਾਉਣ ਵਿੱਚ ਦੇਰ ਹੋ ਗਈ ਕਿਉਂਕਿ ਅੱਜ ਉਹ ਪਹਿਲੀ ਵਾਰ ਰੰਗੋਲੀ ਵਿੱਚ ਗਣੇਸ਼-ਲਕਸ਼ਮੀ ਦਾ ਚਿੱਤਰ ਬਣਾ ਰਹੀ ਸੀ। ਉਹਨੂੰ ਇਸ ਗੱਲ ਦਾ ਕੋਈ ਦੁੱਖ ਨਹੀਂ ਸੀ ਕਿ ਇਸ ਸਾਲ ਉਹਨੂੰ ਦੇਰ ਹੋ ਗਈ ਬਲਕਿ ਉਹ ਵਾਰ-ਵਾਰ ਆਪਣੀ ਕਲਾ ਨੂੰ ਬੈਠ ਕੇ ਨਿਹਾਰਨ ਲੱਗਦੀ ਸੀ। ਪੰਕਜ ਉਹਨੂੰ ਸਤਾਏ ਬਿਨਾ ਕਿਥੋਂ ਮੰਨਣ ਵਾਲਾ ਸੀ। ਆਰਾਮ ਨਾਲ ਨਿਹਾਰਦੇ ਵੇਖ ਪੰਕਜ ਉਹਨੂੰ ਚਿੜਾਉਂਦੇ ਹੋਏ ਬੋਲਿਆ-ਹਾਂ ਠੀਕ ਹੈ। ਤੂੰ ਬਣਾ ਲਿਆ ਲੇਕਿਨ ਇਸ ਵਿੱਚ ਮੇਰਾ ਹੱਥ ਸੀ। ਅਗਰ ਮੈਂ ਤੇਰੀ ਚੋਟੀ ਨਹੀਂ ਖਿਚਦਾ ਤਾਂ ਤੂੰ ਜ਼ਰੂਰ ਕੁਝ ਨਾ ਕੁਝ ਗੜਬੜ ਕਰ ਦਿੰਦੀ।

ਦੋਹਾਂ ਭੈਣ-ਭਰਾਵਾਂ ਦੀ ਗੱਲ ਸੁਣ ਕੇ ਮਾਂ ਵੀ ਮੁਸਕੁਰਾ ਦਿੱਤੀ। ਪੂਜਾ ਦਾ ਸਮਾਂ ਹੋ ਗਿਆ ਸੀ। ਸਾਰੇ ਤਿਆਰ ਹੋ ਕੇ ਵਿਹੜੇ ਵਿੱਚ ਆ ਗਏ। ਮਾਂ ਅਤੇ ਦਾਦੀ ਜੀ ਨੇ ਪੂਜਾ ਦੇ ਥਾਲ ਸਜਾ ਲਏ ਸਨ। ਜਿਨ੍ਹਾਂ ਵਿੱਚ ਦੀਪਕ, ਮੋਮਬੱਤੀਆਂ ਅਤੇ ਪੂਜਾ ਦਾ ਸਮਾਨ ਵੱਖ-ਵੱਖ ਰੱਖਿਆ ਸੀ। ਪੂਜਾ ਕਰਨ ਦੇ ਬਾਦ ਪੰਕਜ ਅਤੇ ਨੀਤਾ ਨੇ ਮੋਮਬੱਤੀਆਂ ਅਤੇ ਦੀਪਕ ਦਰਵਾਜੇ ਤੇ ਲਗਾਏ। ਤਦ ਤਕ ਭੂਆ, ਫੁੱਫੜ ਜੀ ਅਤੇ ਉਹਨਾਂ ਦੇ



ਨਾਲ ਰਾਹੁਲ, ਮਨੀ ਵੀ ਆ ਗਏ। ਹੁਣ ਸ਼ੁਰੂ ਹੋ ਗਿਆ ਪਟਾਖਿਆਂ ਦਾ ਸਿਲਸਿਲਾ। ਇਕ ਵਿਅਕਤੀ ਪਟਾਖਾ ਚਲਾਉਂਦਾ ਸੀ ਅਤੇ ਬਾਕੀ ਸਾਰੇ ਉਸਦਾ ਮਜਾ ਲੈਂਦੇ ਸਨ। ਮਨੀ ਦੇ ਪਾਪਾ ਮਨ੍ਹਾ ਕਰ ਰਹੇ ਸਨ ਕਿ ਬੰਬ-ਪਟਾਖਿਆਂ ਦੀ ਜਗ੍ਹਾ ਅਨਾਰ ਫਿਰਕੀ, ਚਕਰੀ, ਫੁਲਝੜੀ ਆਦਿ ਜਲਾਉ। ਬੰਬ ਅਤੇ ਖਤਰਨਾਕ ਪਟਾਖਿਆਂ ਤੋਂ ਦੂਰ ਰਹੋ। ਲੇਕਿਨ ਸਾਰੇ ਆਪਣੀ ਮਸਤੀ ਵਿੱਚ ਸਨ। ਵਾਰੀ-ਵਾਰੀ ਵਿੱਚ ਪਟਾਖਿਆਂ ਨੂੰ ਖਤਮ ਕੀਤਾ ਜਾ ਰਿਹਾ ਸੀ। ਅਨਾਰ ਬੰਬ ਖਤਮ ਹੋ ਚੁੱਕੇ ਸਨ। ਹੁਣ ਵਾਰੀ ਸੀ ਰਾਕਟ ਦੀ। ਸਾਰੇ ਬੱਚੇ ਪਿੱਛੇ ਹੱਟ ਗਏ। ਪੰਕਜ ਨੇ ਇਕ ਬੋਤਲ ਵਿੱਚ ਰਾਕੇਟ ਨੂੰ ਲਗਾਇਆ ਅਤੇ ਇਕ ਕਾਗਜ ਦੇ ਸਹਾਰੇ ਨਾਲ ਉਸ ਵਿੱਚ ਅੱਗ ਲਗਾ ਦਿੱਤੀ। ਪਰ ਇਹ ਕੀ? ਕਾਗਜ਼ ਤਾਂ ਪੂਰਾ ਸੜ ਗਿਆ ਲੇਕਿਨ ਰਾਕੇਟ ਤਾਂ ਚਲਿਆ ਹੀ ਨਹੀਂ, ਫੁੱਫੜ ਜੀ ਨੇ ਨੇੜੇ ਜਾਣ ਤੋਂ ਮਨ੍ਹਾ ਕਰ ਦਿੱਤਾ ਲੇਕਿਨ ਪੰਕਜ ਨੇ ਇਕ ਇੱਟ ਨਾਲ ਬੋਤਲ ਤੇ ਨਿਸ਼ਾਨਾ ਮਾਰਿਆ ਤਾਂ ਬੋਤਲ ਡਿਗ ਗਈ।

ਜਦ ਉਹ ਨਹੀਂ ਜਲਿਆ ਤਾਂ ਸਾਰੇ ਹੋਰ ਪਟਾਖਿਆਂ ਨੂੰ ਚਲਾਉਣ ਵਿੱਚ ਲੱਗ ਗਏ। ਥੋੜੀ ਹੀ ਦੇਰ ਬਾਦ ਰਾਕੇਟ ਨੇ ਅੱਗ ਪਕੜ ਲਈ ਅਤੇ ਜਮੀਨ ਨਾਲ ਰਗੜਦਾ ਹੋਇਆ ਅਗੇ ਵਧ ਗਿਆ। ਉਥੇ ਨੀਤਾ ਪਟਾਖਾ ਰੱਖਣ ਲਈ ਝੁਕ ਰਹੀ ਸੀ। ਤਦੇ ਉਹ ਰਾਕੇਟ ਨੀਤਾ ਦੀ ਪਿੱਠ ਨੂੰ ਛੂੰਹਦਾ ਹੋਇਆ ਅਗੇ ਵਧ ਕੇ ਉਥੇ ਫਟ ਗਿਆ। ਨੀਤਾ ਦੀ ਰੇਸ਼ਮੀ ਫਰਾਕ ਨੇ ਰਾਕਟ ਦੀਆਂ ਚਿੰਗਾਰੀਆਂ ਨਾਲ ਅੱਗ ਫੜ ਲਈ ਸੀ। ਇਹ ਦ੍ਰਿਸ਼ ਵੇਖ ਕੇ ਸਾਰੇ ਨੀਤਾ ਵੱਲ ਦੌੜ ਪਏ। ਕੋਲ ਖੜੇ ਫੁੱਫੜ ਜੀ ਨੇ ਨੀਤਾ ਨੂੰ ਫੜ ਕੇ ਜਮੀਨ ਤੇ ਲਿਟਾ ਦਿਤਾ। ਭਗਵਾਨ ਦਾ ਸ਼ੁਕਰ ਸੀ ਕਿ ਬਗੀਚੇ ਦੀ ਗਿਲੀ ਜਮੀਨ ਅਤੇ ਮਿੱਟੀ ਨਾਲ ਨੀਤਾ ਦੇ ਫਰਾਕ ਵਿੱਚ ਲਗੀ ਅੱਗ ਬੁਝ ਗਈ। ਲੇਕਿਨ ਐਨੇ ਨਾਲ ਵੀ ਨੀਤਾ ਦੀ ਪਿੱਠ ਵਿੱਚ ਅੱਗ ਨਾਲ ਜਲਨ ਹੋਣ ਲਗੀ ਸੀ। ਪਾਪਾ ਉਸਨੂੰ ਤੁਰੰਤ ਡਾਕਟਰ ਕੋਲ ਲੈ ਗਏ।

ਪੰਕਜ ਮਨ ਹੀ ਮਨ ਅਫਸੋਸ ਕਰ ਰਿਹਾ ਸੀ ਕਿ ਕਾਸ਼! ਉਸਨੇ ਫੁੱਫੜ ਜੀ ਦੀ ਗੱਲ ਮੰਨ ਕੇ ਰਾਕੇਟ ਨਹੀਂ ਚਲਾਇਆ ਹੁੰਦਾ ਤਾਂ ਉਸਦੀ ਭੈਣ ਦੀ ਇਹ ਹਾਲਤ ਨਹੀਂ ਹੁੰਦੀ। ਪੰਕਜ ਬਗੀਚੇ ਵਿੱਚ ਬੈਠਾ ਇਹ ਸੋਚ ਹੀ ਰਿਹਾ ਸੀ ਕਿ ਅਚਾਨਕ ਉਸਦੇ ਮੋਢੇ ਤੇ ਕਿਸੇ ਨੇ ਹੱਥ ਰੱਖਿਆ। ਪੰਕਜ ਨੇ ਪਿਛੇ ਮੁੜ ਕੇ ਵੇਖਿਆ ਤਾਂ ਭੂਆ ਖੜੀ ਸੀ। ਭੂਆ ਨੇ ਪੰਕਜ ਦੇ ਹੰਝੂ ਪੂੰਝਦੇ ਹੋਏ ਕਿਹਾ – ਬੇਟਾ, ਇਹ ਤਾਂ ਭਗਵਾਨ ਦਾ ਲੱਖ-ਲੱਖ ਸ਼ੁਕਰ ਸੀ ਕਿ ਇਕ ਵੱਡਾ ਹਾਦਸਾ ਹੋਣ ਤੋਂ ਬਚ ਗਿਆ। ਨਹੀਂ ਤਾਂ ਉਹ ਰਾਕੇਟ ਨੀਤਾ ਨੂੰ ਬਹੁਤ ਨੁਕਸਾਨ ਪਹੁੰਚਾ ਸਕਦਾ ਸੀ।

ਪੰਕਜ ਨੇ ਰੋਂਦੇ ਹੋਏ ਕਿਹਾ – ਭੂਆ ਜੀ, ਮੇਰੀ ਵਜ੍ਹਾ ਨਾਲ ਨੀਤਾ ਨੂੰ ਸੱਟ ਲੱਗੀ। ਮੈਨੂੰ ਆਪਣੇ ਤੇ ਬਹੁਤ ਗੁੱਸਾ ਆ ਰਿਹਾ ਹੈ। ਜੋ ਚਾਹੋ ਮੈਨੂੰ ਸਜਾ ਦਿਉ ਭੂਆ ਜੀ। ਉਸਦਾ ਰੋਣਾ ਵੇਖ ਕੇ ਭੂਆ ਨੇ ਕਿਹਾ – ਸਜਾ ਤਾਂ ਤੈਨੂੰ ਆਪਣੇ ਆਪ ਮਿਲ ਗਈ ਹੈ। ਆਪਣੀ ਗਲਤੀ ਦਾ ਪਛਤਾਵਾ ਕਰਨਾ ਹੀ ਸਭ ਤੋਂ ਵੱਡੀ ਸਜਾ ਹੈ। ਤੂੰ ਆਪਣੀ ਗਲਤੀ ਦਾ ਪਛਤਾਵਾ ਖੁਦ ਹੀ ਕਰ ਲਿਆ ਹੈ। ਹੁਣ ਅਗੇ ਤੋਂ ਧਿਆਨ ਰੱਖਣਾ ਅਤੇ ਪਟਾਖੇ ਸੰਭਲ ਕੇ ਜਲਾਣਾ। ਇਹ ਹਮੇਸ਼ਾਂ ਯਾਦ ਰੱਖੋ ਕਿ ਅੱਗ ਕਿਸੇ ਨੂੰ ਵੀ ਨਹੀਂ ਛੱਡਦੀ। – ਭੂਆ ਦੀ ਗੱਲ ਸੁਣ ਕੇ ਪੰਕਜ ਨੇ ਮਨ ਹੀ ਮਨ ਨਿਸ਼ਚਾ ਕੀਤਾ ਕਿ ਅਗੇ ਤੋਂ ਉਹ ਅਜਿਹੀ ਗਲਤੀ ਦੁਬਾਰਾ ਨਹੀਂ ਕਰੇਗਾ ਅਤੇ ਅਗਰ ਕੋਈ ਅਜਿਹੀ ਗਲਤੀ ਕਰ ਰਿਹਾ ਹੋਵੇਗਾ ਤਾਂ ਉਹਨੂੰ ਵੀ ਰੋਕੇਗਾ।

### ਸਾਧਾਰਣ ਗਿਆਨ ਪ੍ਰਸ਼ਨੋਤਰੀ ਦੇ ਜਵਾਬ

1) ਉਤਰਾਂਚਲ 2) ਹਲ 3) ਨਕੁਲ 4) ਜੂਲ
5) ਪੱਛਮੀ ਬੰਗਾਲ 6) ਤਾਜਮਹਿਲ 7) ਅਬੁਲ ਫਜਲ
8) ਕੋਡਾਈਕਨਾਲ 9) ਬ੍ਰਾਜੀਲ 10) ਨੈਨੀਤਾਲ
11) ਇਜਰਾਈਲ 12) ਵਿਕਟੋਰੀਆ ਮੈਮੋਰੀਅਲ।

❑ ਪੀ. ਪੀ. ਸਿੰਘ

## ਰੋਸ਼ਨੀਆਂ ਦਾ ਤਿਉਹਾਰ

# ਦੀਵਾਲੀ

ਰੋਸ਼ਨੀਆਂ ਦਾ ਤਿਉਹਾਰ ਦੀਵਾਲੀ,
ਲੈ ਕੇ ਆਉਂਦੀ ਹੈ ਖੁਸ਼ਹਾਲੀ।

ਹਰ ਸਾਲ ਦੀਵਾਲੀ ਆਵੇ,
ਘਰ-ਘਰ ਖੁਸ਼ੀਆਂ ਹੀ ਵਰਤਾਵੇ।

ਸਭ ਨੇ ਘਰਾਂ ਨੂੰ ਖੂਬ ਸਜਾਇਆ,
ਸਵਰਗ ਜਿਵੇਂ ਧਰਤੀ ਤੇ ਆਇਆ।

ਬਜਾਰਾਂ ਵਿੱਚ ਰੌਣਕਾਂ ਭਾਰੀ,
ਜਗਮਗ-ਜਗਮਗ ਦੁਨੀਆ ਸਾਰੀ।

ਹਰ ਪਾਸੇ ਹੀ ਭੀੜ ਹੈ ਲੱਗੀ,
ਤੂੰ ਵੀ ਚੱਲ ਪਟਾਕੇ ਲੈ-ਲੈ ਗੱਗੀ।

ਘਰ-ਘਰ ਲਕਸ਼ਮੀ ਪੂਜਾ ਹੋਵੇ,
ਹਰ ਕਸਬਾ ਹਰ ਸ਼ਹਿਰ ਹੀ ਸੋਹਵੇ।

ਬੱਚਿਓ! ਅਤਿਸ਼ਬਾਜੀ ਚਲਾਓ,
ਪਹਿਲਾਂ ਆਪਣਾ-ਆਪ ਬਚਾਓ।

# ਕੀ ਤੁਸੀਂ ਜਾਣਦੇ ਹੋ





* ਕੀੜੀਆਂ ਬੁੱਢੀਆਂ ਹੋਣ ਤਕ ਵੀ ਕੰਮ ਕਰਦੀਆਂ ਰਹਿੰਦੀਆਂ ਹਨ।
* ਜਿਰਾਫ ਦੀ ਉਮਰ 15-20 ਸਾਲ ਤਕ ਹੁੰਦੀ ਹੈ।
* ਅਸਮਾਨੀ ਪੰਛੀਆਂ ਨੂੰ ਜਦੋਂ ਚੱਕਰ ਆਉਣ ਲੱਗਦੇ ਹਨ ਤਾਂ ਕਿਸੇ ਰੁੱਖ ਤੇ ਬੈਠ ਕੇ ਉਸ ਦੇ ਪੱਤੇ ਸੁੰਘਣਾ ਸ਼ੁਰੂ ਕਰ ਦਿੰਦੇ ਹਨ।
* ਜੰਗਲੀ ਸੂਰ ਦਾ ਜਦੋਂ ਸਿਰ ਦਰਦ ਹੁੰਦਾ ਹੈ ਤਾਂ ਉਹ ਠੰਢੇ ਪਾਣੀ ਵਿੱਚ ਜਾ ਕੇ ਬੈਠ ਜਾਂਦਾ ਹੈ।
* ਭਾਲੂ ਦੇ ਪੈਰ ਵਿੱਚ ਜਦੋਂ ਦਰਦ ਹੁੰਦਾ ਹੈ ਤਾਂ ਉਹ ਸ਼ਹਿਦ ਖਾ ਕੇ ਆਪਣਾ ਦਰਦ ਦੂਰ ਕਰਦਾ ਹੈ।
* ਜੁਗਨੂੰ ਜੀਵ ਦੀਆਂ ਲਗਭਗ ਦੋ ਹਜ਼ਾਰ ਜਾਤੀਆਂ ਹਨ।
* ਬਿੱਛੂ ਦੇ ਜ਼ਹਿਰ ਨਾਲ ਕਈ ਤਰ੍ਹਾਂ ਦੀਆਂ ਦਵਾਈਆਂ ਵੀ ਬਣਾਈਆਂ ਜਾਂਦੀਆਂ ਹਨ।
* ਬਿੱਛੂ ਦਾ ਸਰੀਰ ਲਗਭਗ 3 ਤੋਂ 8 ਸੈਂਟੀਮੀਟਰ ਲੰਮਾ ਹੁੰਦਾ ਹੈ।
* ਸੰਸਾਰ ਵਿੱਚ ਮੈਨਾ ਦੀਆਂ ਤਕਰੀਬਨ ਵੀਹ ਵੱਖ-ਵੱਖ ਪਰਜਾਤੀਆਂ ਮਿਲਦੀਆਂ ਹਨ।
* ਵਿਗਿਆਨੀ ਜੁਗਨੂੰ ਦੇ ਇਕ ਚਮਕਣ ਵਾਲੇ ਪ੍ਰੋਟੀਨ ਦੀ ਵਰਤੋਂ ਕੈਂਸਰ ਅਤੇ ਹੋਰ ਖਤਰਨਾਕ ਬਿਮਾਰੀਆਂ ਦੇ ਇਲਾਜ 'ਚ ਵੀ ਕਰ ਰਹੇ ਹਨ।
* ਘੋਗਾ ਤਿੰਨ ਸਾਲ ਤੱਕ ਲਗਾਤਾਰ ਸੌਂ ਸਕਦਾ ਹੈ।
* ਨੀਲੀ ਵ੍ਹੇਲ ਦੀ ਸੀਟੀ ਦੀ ਆਵਾਜ਼ ਹੋਰ ਜਾਨਵਰਾਂ ਦੀ ਆਵਾਜ਼ ਤੋਂ ਜ਼ਿਆਦਾ ਹੁੰਦੀ ਹੈ।
* ਬਲਿਊ ਵ੍ਹੇਲ ਮੱਛਲੀ ਆਪਣੇ ਮੂੰਹ ਵਿੱਚ ਆਪਣੇ ਸਰੀਰ ਦੇ ਵਜਨ ਤੋਂ ਜ਼ਿਆਦਾ ਪਾਣੀ ਲੈ ਸਕਦੀ ਹੈ।
* ਮੱਖੀਆਂ ਆਪਣੇ ਪਿੱਛੇ ਵੱਲ ਭਾਵ ਉਲਟੀ ਉਡਾਨ ਵੀ ਭਰ ਸਕਦੀਆਂ ਹਨ।
* ਗਿੱਧ ਨੂੰ ਪ੍ਰਕ੍ਰਿਤੀ ਦਾ ਰਡਾਰ ਮੰਨਿਆ ਜਾਂਦਾ ਹੈ।
* ਬਾਜ ਇਕ ਕਿਲੋਮੀਟਰ ਦੀ ਦੂਰੀ ਤੋਂ ਵੀ ਇਕ ਕਬੂਤਰ ਨੂੰ ਵੇਖ ਸਕਦਾ ਹੈ।
* ਕਬੂਤਰ ਲੰਮੀ ਤੋਂ ਲੰਮੀ ਯਾਤਰਾ ਕਰਨ ਤੋਂ ਬਾਅਦ ਵੀ ਆਪਣੇ ਆਲ੍ਹਣੇ ਵਿੱਚ ਆ ਜਾਂਦੇ ਹਨ।
* ਅਬਾਬੀਲ ਚਿੜੀ 250-300 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਉਡੱਦੀ ਹੈ।
* ਹੰਸ 8230 ਮੀਟਰ ਦੀ ਉਚਾਈ ਤੇ ਵੀ ਉਡੱ ਸਕਦੇ ਹਨ।
* ਦੁਨੀਆਂ ਦਾ ਸਭ ਤੋਂ ਵੱਡਾ ਸਕੂਲ ਮਾਸਕੋ ਵਿੱਚ ਹੈ।
* ਭਾਰਤ ਵਿੱਚ ਭਾਖੜਾ ਡੈਮ ਸਭ ਤੋਂ ਉਚੱਾ ਹੈ।
* ਮਾਨਵ ਸਰੀਰ ਦੀ ਸਭ ਤੋਂ ਛੋਟੀ ਹੱਡੀ ਕੰਨ ਵਿੱਚ ਹੁੰਦੀ ਹੈ।
* ਅਮਰੀਕਾ ਦੇ ਰਾਸ਼ਟਰਪਤੀ ਜੇਮਸ ਬੁਚਾਨਨ ਦਾ ਵਿਆਹ ਨਹੀਂ ਹੋਇਆ ਸੀ।
* ਆਈਸਲੈਂਡ ਵਿੱਚ ਪਾਲਤੂ ਕੁੱਤੇ ਰੱਖਣਾ ਗੈਰ ਕਾਨੂੰਨੀ ਮੰਨਿਆ ਜਾਂਦਾ ਹੈ।

*ਸੰਗ੍ਰਹਿਕਰਤਾ*
❑ ਵਿਭਾ ਵਰਮਾ

❑ ਮਦਨ ਚਾਵਲਾ

# ਚੋਰ ਦੀ ਇਮਾਨਦਾਰੀ

ਅਮਾਨ ਨਗਰ ਰਾਜ ਵਿੱਚ ਇਕ ਸਾਲ ਭਿਆਨਕ ਅਕਾਲ ਪਿਆ। ਲੋਕ ਦਾਣੇ-ਦਾਣੇ ਨੂੰ ਤਰਸਣ ਲੱਗੇ। ਪਸ਼ੂ ਘਾਹ ਦੇ ਬਿਨਾ ਮਰਨ ਲੱਗੇ। ਪੰਛੀ ਹਵਾ ਦੇ ਗਰਮ ਥਪੇੜਿਆਂ ਨਾਲ ਮਰਨ ਲਗੇ। ਛੋਟਾ ਜਿਹਾ ਰਾਜ ਸੀ। ਰਾਜਾ ਨੇ ਅਕਾਲ ਰਾਹਤ ਕਾਰਜ ਸ਼ੁਰੂ ਕੀਤੇ। ਉਸ ਨੇ ਕਿਸਾਨਾਂ ਨੂੰ ਅੰਨ ਵੰਡਣਾ ਸ਼ੁਰੂ ਕਰ ਦਿੱਤਾ।

ਉਸੇ ਰਾਜ ਵਿੱਚ ਇਕ ਪਿੰਡ ਸੀ ਬ੍ਰਿਜਲਾਲਪੁਰ। ਉਥੇ ਇਕ ਘੁਮਿਆਰ ਰਹਿੰਦਾ ਸੀ। ਘਰ ਵਿੱਚ ਖਾਣ ਲਈ ਅੰਨ ਨਹੀਂ ਸੀ। ਬੱਚੇ ਰੋਟੀ ਲਈ ਤੜਪਦੇ ਸਨ। ਦੋਵੇਂ ਪਤੀ-ਪਤਨੀ ਭੁੱਖੇ ਰਹਿੰਦੇ ਅਤੇ ਕਿਸੇ ਤਰ੍ਹਾਂ ਦੋ-ਚਾਰ ਦਾਣੇ ਬੱਚਿਆਂ ਦੇ ਮੂੰਹ ਵਿੱਚ ਪਾਉਣ ਦੀ ਚੇਸ਼ਟਾ ਕਰਦੇ ਪਰ ਅੰਤ ਵਿੱਚ ਉਹਨਾਂ ਨੂੰ ਕੁਝ ਵੀ ਖਿਲਾਉਣ ਦਾ ਸਾਧਨ ਨਹੀਂ ਰਹਿ ਗਿਆ।



ਘੁਮਿਆਰ ਦੀ ਪਤਨੀ ਬੋਲੀ – ਰਾਜਾ ਦੀ ਸੇਵਾ ਵਿੱਚ ਜਾਉ, ਉਹ ਅੰਨ ਦੇਣਗੇ।

ਘੁਮਿਆਰ ਰਾਜਾ ਦੀ ਸੇਵਾ ਵਿੱਚ ਗਿਆ ਅਤੇ ਅਨਾਜ ਲਈ ਬੇਨਤੀ ਕੀਤੀ। ਰਾਜਾ ਨੇ ਪੁੱਛਿਆ – ਕੀ ਤੂੰ ਕਿਸਾਨ ਹੈ? ਸਾਡੀ ਭੂਮੀ ਜੋਤਦੇ ਹੋ?


– ਨਹੀਂ ਮਹਾਰਾਜ, ਮੈਂ ਭੂਮੀ ਨਹੀਂ ਜੋਤਦਾ, ਮੈਂ ਤਾਂ ਇਕ ਗਰੀਬ ਘੁਮਿਆਰ ਹਾਂ। ਮੇਰੇ ਬੱਚੇ ਭੁੱਖੇ ਮਰ ਰਹੇ ਹਨ। ਅਗਲੇ ਸਾਲ ਮੈਂ ਆਪ ਦਾ ਅਨਾਜ ਵਾਪਸ ਕਰ ਦੇਵਾਂਗਾ। ਆਪ ਮੇਰੇ ਤੇ ਦਯਾ ਕਰੋ।

ਰਾਜਾ ਨੇ ਟਕਾ-ਜਿਹਾ ਜਵਾਬ ਦੇ ਦਿੱਤਾ। – ਅਸੀਂ ਤਾਂ ਆਪਣੇ ਕਿਸਾਨਾਂ ਨੂੰ ਹੀ ਅਕਾਲ ਰਾਹਤ ਸਹੂਲਤਾਂ ਦੇ ਰਹੇ ਹਾਂ। ਸਾਰਿਆਂ ਨੂੰ ਨਹੀਂ ਦੇ ਰਹੇ।

ਘੁਮਿਆਰ ਵਿਚਾਰਾ ਮੂੰਹ ਲਟਕਾਈ ਵਾਪਸ ਚਲਾ ਗਿਆ। ਉਹ ਸੋਚਣ ਲੱਗਾ – ਹੁਣ ਕੀ ਕਰਨਾ ਚਾਹੀਦਾ ਹੈ। ਬੱਚਿਆਂ ਨੂੰ ਭੁੱਖ ਨਾਲ ਤੜਪਦੇ ਨਹੀਂ ਵੇਖਿਆ ਜਾਂਦਾ। ਅੰਤ ਭੁੱਖਾ ਮਰਦਾ ਘੁਮਿਆਰ ਰਾਜਾ ਦੇ ਅਨਾਜ ਦੇ ਗੋਦਾਮਾਂ ਵਿੱਚ ਚੋਰੀ ਕਰਨ ਦਾ ਵਿਚਾਰ ਕਰਨ ਲੱਗਾ। ਉਸ ਨੇ ਅਨਾਜ਼ ਦੇ ਗੋਦਾਮਾਂ ਤਕ ਇਕ ਸੁਰੰਗ ਖੋਦੀ।

ਹੁਣ ਉਹ ਅਨਾਜ ਦੇ ਗੋਦਾਮ ਤਕ ਪਹੁੰਚਿਆ। ਉਸ ਨੇ ਵੇਖਿਆ ਗੋਦਾਮ ਦਾ ਤਾਲਾ ਬੰਦ ਸੀ। ਉਸ ਨੇ ਲੋਹੇ ਦੀ ਛੜੀ ਨਾਲ ਗੋਦਾਮ ਦੇ ਦਰਵਾਜੇ ਵਿੱਚ ਮੋਰੀ ਕਰ ਦਿੱਤੀ। ਮੋਰੀ ਵਿਚੋਂ ਅਨਾਜ ਡਿਗਣ ਲੱਗਾ। ਬਹੁਤ ਦਿਨਾਂ ਬਾਦ ਅੰਨ ਦਾ ਦਰਸ਼ਨ ਕਰਕੇ ਵਿਚਾਰਾ ਘੁਮਿਆਰ ਖੁਸ਼ ਹੋਇਆ। ਥੈਲੇ ਵਿੱਚ ਅਨਾਜ ਭਰ ਕੇ ਉਸ ਨੇ ਮੋਰੀ ਬੰਦ ਕਰ ਦਿਤੀ। ਖੁਸ਼ ਹੁੰਦਾ ਹੋਇਆ ਘਰ ਆ ਗਿਆ। ਉਸ ਦੇ ਬਾਦ ਉਸ ਨੇ ਇਕ ਥੈਲੀ ਬਣਾਈ ਠੀਕ ਦਸ ਕਿਲੋ ਦੇ ਵਜਨ ਦੀ। ਫਿਰ ਉਹ ਰੋਜ਼ ਰਾਤ ਨੂੰ ਉਸ ਸੁਰੰਗ ਰਾਹੀਂ ਗੋਦਾਮ ਤਕ ਜਾਂਦਾ ਅਤੇ ਇਕ ਥੈਲੀ ਅਨਾਜ ਦੀ ਭਰ ਲਿਆਉਂਦਾ। ਬੱਚਿਆਂ ਦੇ ਪੇਟ ਵਿੱਚ ਰੋਟੀ ਜਾਣ ਲਗੀ। ਜ਼ਿਆਦਾ ਅਨਾਜ ਕੱਢਦਾ ਤਾਂ ਉਪਰ ਗੱਡਾ ਹੋ ਜਾਦਾ ਅਤੇ ਕਿਸੇ ਨੂੰ ਪਤਾ ਲਗ ਜਾਂਦਾ। ਇਸ ਲਈ ਉਹ

ਹਰ ਰੋਜ਼ ਦਸ ਕਿਲੋ ਅਨਾਜ ਹੀ ਲਿਆਉਂਦਾ ਸੀ।



ਘੁਮਿਆਰ ਨੇ ਇਸ ਤਰ੍ਹਾਂ ਇਕ ਸਾਲ ਗੁਜਾਰ ਦਿੱਤਾ ਅਤੇ ਕਿਸੇ ਨੂੰ ਪਤਾ ਵੀ ਨਹੀਂ ਲੱਗਾ ਕਿ ਉਹ ਅਨਾਜ਼ ਕਿਥੋਂ ਲਿਆਉਂਦਾ ਹੈ।

ਸਾਲ ਭਰ ਪੂਰਾ ਹੋ ਗਿਆ ਅਤੇ ਦੂਸਰਾ ਵਰਖਾਕਾਲ ਦਾ ਮੌਸਮ ਆ ਗਿਆ। ਬਰਸਾਤ ਬਹੁਤ ਚੰਗੀ ਹੋਈ। ਚੰਗੇ ਦਿਨ ਆਏ। ਘੁਮਿਆਰ ਅਤੇ ਉਸ ਦੀ ਪਤਨੀ ਦੋਵੇਂ ਮਜ਼ਦੂਰੀ ਵਿੱਚ ਜੁਟ ਗਏ ਮਜ਼ਦੂਰੀ ਵੀ ਖੂਬ ਚਲੀ। ਖੂਬ ਅਨਾਜ ਆਇਆ।

ਇਕ ਦਿਨ ਦੋ ਗੱਡੀ ਅਨਾਜ਼ ਭਰ ਕੇ ਘੁਮਿਆਰ ਰਾਜਾ ਦੇ ਕਿਲੇ ਵਿੱਚ ਪਹੁੰਚ ਗਿਆ। ਰਾਜਾ ਦੇ ਸਾਹਮਣੇ 'ਰਾਮ-ਰਾਮ' ਕਹਿ ਕੇ ਉਹ ਖੜਾ ਹੋ ਗਿਆ। ਰਾਜਾ ਨੇ ਪੁੱਛਿਆ – ਕਿਉਂ ਆਏ ਹੋ?

-ਮਹਾਰਾਜ ਆਪ ਦਾ ਅਨਾਜ ਖਾਧਾ ਹੈ। ਹੁਣ ਉਸ ਨੂੰ ਵਾਪਸ ਕਰਨ ਆਇਆ ਹਾਂ। -ਘੁਮਿਆਰ ਨੇ ਹੱਥ ਜੋੜ ਕੇ ਕਿਹਾ।

ਰਾਜਾ ਦੀਆਂ ਅੱਖਾਂ ਕ੍ਰੋਧ ਨਾਲ ਲਾਲ ਹੋ ਗਈਆਂ। ਉਹ ਬੋਲਿਆ- ਇਸ ਨੂੰ ਤਾਂ ਮੈਂ ਅਨਾਜ ਦੇਣ ਤੋਂ ਮਨ੍ਹਾ ਕਰ ਦਿੱਤਾ ਸੀ ਫਿਰ ਕਿਸ ਨੇ ਇਹਨੂੰ ਅਨਾਜ ਦਿੱਤਾ? ਰਾਜਾ ਨੇ ਅਧਿਕਾਰੀ ਨੂੰ ਬੁਲਾਇਆ ਅਤੇ ਪੁੱਛਿਆ – ਤੁਸੀਂ ਇਸ ਨੂੰ ਕਿੰਨਾ ਅਨਾਜ਼ ਦਿੱਤਾ ਹੈ?

– ਨਹੀਂ ਮਹਾਰਾਜ, ਇਸ ਨੂੰ ਮੈਂ ਅਨਾਜ ਨਹੀਂ ਦਿੱਤਾ – ਅਧਿਕਾਰੀ ਬੋਲਿਆ।

– ਤਾਂ ਅਨਾਜ ਦਿੱਤਾ ਕਿਸ ਨੇ? – ਰਾਜਾ ਬੋਲਿਆ।

ਦੋਵੇਂ ਹੱਥ ਜੋੜ ਕੇ ਘੁਮਿਆਰ ਬੋਲਿਆ – ਮਹਾਰਾਜ, ਮੈਨੂੰ ਕਿਸੇ ਨੇ ਅਨਾਜ਼ ਨਹੀਂ ਦਿੱਤਾ। ਮੈਂ ਅਨਾਜ ਦੀ ਚੋਰੀ ਕੀਤੀ ਹੈ। ਭੁੱਖਾ ਮਰ ਰਿਹਾ ਸੀ, ਬੱਚੇ ਰੋਟੀ ਬਿਨਾ ਤੜਫਦੇ ਸਨ। ਮੈਂ ਗੋਦਾਮ ਤਕ ਸੁਰੰਗ ਖੋਦ ਕੇ ਗੋਦਾਮ ਤੋਂ ਅਨਾਜ਼ ਚੋਰੀ ਕਰਦਾ ਰਿਹਾ। ਰੋਜ ਦਸ ਕਿਲੋ ਚੋਰੀ ਕਰਦਾ ਸੀ। ਇਸ ਤਰ੍ਹਾਂ ਸਾਲ ਪੂਰਾ ਹੋ ਗਿਆ। ਇਸ ਸਾਲ ਖੂਬ ਕਮਾਇਆ, ਇਸ ਲਈ ਆਪ ਦਾ ਅਨਾਜ਼ ਵਾਪਿਸ ਕਰਨ ਆਇਆ ਹਾਂ।

ਰਾਜਾ ਨੇ ਦੰਦਾਂ ਹੇਠ ਉਂਗਲੀ ਦਬਾ ਲਈ। ਇਹ ਚੋਰ ਹੈ ਜਾਂ ਸ਼ਾਹੂਕਾਰ? ਇਸ ਨੇ ਅਨਾਜ਼ ਚੋਰੀ ਕੀਤਾ ਹੈ, ਇਸ ਦਾ ਕਿਸੇ ਨੂੰ ਪਤਾ ਵੀ ਨਹੀਂ ਲੱਗਿਆ। ਪਤਾ ਲਾਉਣ ਵਾਲੀ ਗੱਲ ਵੀ ਤਾਂ ਨਹੀਂ ਸੀ। ਇਸ ਨੇ ਲੁਕਾਇਆ ਹੁੰਦਾ ਤਾਂ ਕੋਈ ਨਹੀਂ ਜਾਣਦਾ ਫਿਰ ਵੀ ਇਹ ਘੁਮਿਆਰ ਆਪਣੇ ਆਪ ਅਨਾਜ਼ ਦੇਣ ਆਇਆ ਹੈ। ਧੰਨ ਹੈ ਇਸ ਨੂੰ, ਇਸ ਦਾ ਨਾਮ ਇਮਾਨਦਾਰੀ ਹੈ। ਇਸ ਨੂੰ ਚੋਰ ਕੌਣ ਕਹੇਗਾ?

ਖੁਸ਼ ਹੋ ਕੇ ਰਾਜਾ ਨੇ ਅਧਿਕਾਰੀ ਨੂੰ ਕਿਹਾ – ਇਸ ਨੂੰ ਚੰਗੀ ਤੋਂ ਚੰਗੀ ਜ਼ਮੀਨ ਦਿਉ ਅਤੇ ਆਪਣਾ ਜੋਤਦਾਰ ਬਣਾ ਲਉ। ਇਕ ਜੋੜੀ ਬਲਦ ਦਿਉ। ਅਜਿਹੇ ਇਮਾਨਦਾਰ ਆਦਮੀ ਨੂੰ ਦੁਖੀ ਹੋਣ ਦੇਣਾ ਠੀਕ ਨਹੀਂ ਹੈ।

ਘੁਮਿਆਰ ਗੱਡੀ ਲੈ ਕੇ ਘਰ ਆਇਆ। ਉਸ ਦੀ ਪਤਨੀ ਅਤੇ ਬੱਚੇ ਖੁਸ਼ ਹੋ ਗਏ ਅਤੇ ਖੁਸ਼ੀ-ਖੁਸ਼ੀ ਸੁਖ ਨਾਲ ਰਹਿਣ ਲੱਗੇ।

# ਦੁਸਹਿਰਾ

❑ ਦਰਸ਼ਨ (ਤਲਵੰਡੀ ਭਾਈ)

ਕਿਡੇ ਵੱਡੇ ਬੁੱਤ ਬਣਾਏ,
ਗਰਾਉਂਡ ਚ ਰੱਸੇ ਬੰਨ ਟਿਕਾਏ।
ਰਾਵਣ ਬੰਨਿਆ ਵਿਚ ਵਿਚਾਲੇ,
ਬਾਕੀ ਦੋਵੇਂ ਆਲੇ-ਦੁਆਲੇ।।


ਰਾਮ ਚੰਦਰ ਦੀ ਸੈਨਾ ਆਈ,
ਸ਼ੁਰੂ ਹੋ ਗਈ ਮਾਰ ਕੁਟਾਈ।
ਵਾਨਰ ਸੈਨਾ ਜਦੋਂ ਦਹਾੜੀ,
ਭੱਜੀ ਫੌਜ ਰਾਵਣ ਦੀ ਸਾਰੀ।।


ਮੇਘਨਾਥ ਨੂੰ ਮਾਰ ਮੁਕਾਇਆ,
ਕੁੰਭਕਰਨ ਨੂੰ ਫੇਰ ਜਗਾਇਆ।
ਰਾਮ ਦੀ ਸੈਨਾ ਭਾਰੂ ਹੋ ਗਈ,
ਕੁੰਭਕਰਨ ਨੂੰ ਮਾਰੂ ਹੋ ਗਈ।।

ਫਿਰ ਰਾਵਣ ਦੀ ਵਾਰੀ ਆਈ,
ਲੱਗਾ ਲੜਨ ਹੋ ਗਿਆ ਸ਼ੁਦਾਈ।
ਧੁੰਨੀ ਦੇ ਵਿਚ ਤੀਰ ਜਾ ਲੱਗਿਆ,
ਧਰਤੀ ਉਤੇ ਰਾਵਣ ਡਿਗਿਆ।।

ਰਾਮ ਦੀ ਹੋ ਗਈ ਜੈ ਜੈ ਕਾਰ,
ਹਰ ਪਾਸੇ ਛਾ ਗਈ ਬਹਾਰ।
ਜਿੱਤੀ ਸਚਾਈ ਬੁਰਾਈ ਹਾਰੀ,
ਉਦੋਂ ਤੋ ਸਾਰੇ ਨਰ ਨਾਰੀ।।

ਦੁਸਿਹਰਾ ਖੂਬ ਮਨਾਉਂਦੇ ਨੇ,
ਤੇ ਲੋਕਾਂ ਨੂੰ ਸਮਝਾਉਂਦੇ ਨੇ।
ਕਦੇ ਕਿਸੇ ਦਾ ਬੁਰਾ ਨਾ ਕਰੀਏ,
ਮੰਦੇ ਕੰਮ ਤੋ ਸਦਾ ਹੀ ਡਰੀਏ।।





❑ ਰਾਜ ਕੁਮਾਰ

## ਆਲਾ ਦਰਜੇ ਦੇ ਇਨਸਾਨ ਸਨ

# ਲਾਲ ਬਹਾਦਰ ਸ਼ਾਸਤਰੀ ਜੀ

ਦੇਸ਼ ਦੇ ਦੂਜੇ ਪ੍ਰਧਾਨਮੰਤਰੀ, ਭਾਰਤ ਰਤਨ ਅਤੇ ਭਾਰਤ ਮਾਂ ਦੇ ਸੱਚੇ ਸਪੂਤ ਲਾਲ ਬਹਾਦੁਰ ਸ਼ਾਸਤਰੀ ਜੀ ਦਾ ਜਨਮ 2 ਅਕਤੂਬਰ 1904 ਨੂੰ ਉਤਰ ਪ੍ਰਦੇਸ਼ ਵਿਚ ਮੁਗਲ ਸਰਾਏ ਦੇ ਸਾਧਾਰਣ ਪਰਿਵਾਰ ਵਿਚ ਹੋਇਆ ਸੀ। ਸ਼ਾਸਤਰੀ ਜੀ ਬਹੁਤ ਹੀ ਦ੍ਰਿੜ ਵਿਅਕਤਤਵ ਦੇ ਸੁਆਮੀ ਸਨ। ਉਹ ਨਹਿਰੂ ਜੀ ਦੇ ਬਾਅਦ ਦੇਸ਼ ਦੇ ਪ੍ਰਧਾਨਮੰਤਰੀ ਬਣੇ। ਉਹਨਾਂ ਦਾ ਸੇਵਾਕਾਲ ਕਾਫੀ ਮੁਸ਼ਕਿਲਾਂ ਭਰਿਆ ਸੀ। ਇਕ ਪਾਸੇ ਦੇਸ਼ ਅਨਾਜ ਦੀ ਕਮੀ ਕਾਰਣ ਪਰੇਸ਼ਾਨ ਸੀ ਤਾਂ ਦੂਜੇ ਪਾਸੇ ਅੰਤਰਰਾਸ਼ਟਰੀ ਜਗਤ ਵਿਚ ਦੇਸ਼ ਨੂੰ ਅਸਥਿਰ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਸਨ। ਪਾਕਿਸਤਾਨ ਨੇ ਸੰਨ 1965 ਵਿਚ ਜੰਮੂ ਦੇ ਛੰਬ ਖੇਤਰ ਉਤੇ ਹਮਲਾ ਕਰ ਦਿਤਾ ਸੀ। ਪਾਕਿਸਤਾਨ ਅਤੇ ਅਮਰੀਕਾ ਦਾ ਵਿਚਾਰ ਸੀ ਕਿ ਸ਼ਾਸਤਰੀ ਜੀ ਦੀ ਅਗਵਾਈ ਵਿਚ ਭਾਰਤ ਪਾਕਿਸਤਾਨ ਦੇ ਕਿਸੇ ਵੀ ਹਮਲੇ ਨੂੰ ਝੇਲ ਨਹੀਂ ਸਕੇਗਾ ਅਤੇ ਖੰਡਿਤ ਹੋ ਜਾਵੇਗਾ। ਸ਼ਾਸਤਰੀ ਜੀ ਨੇ ਇਸ ਯੁਧ ਵਿਚ ਜਿੱਤ ਹਾਸਿਲ ਕਰਕੇ ਦੇਸ਼ ਨੂੰ ਸਿਰਫ ਇਕ ਸੂਤਰ ਵਿਚ ਹੀ ਨਹੀਂ ਬੰਨਿਆ ਬਲਕਿ ਉਸ ਨੂੰ ਉਤਸ਼ਾਹ ਨਾਲ ਵੀ ਭਰ ਦਿਤਾ। ਉਹਨਾਂ ਨੇ ਦੇਸ਼ ਨੂੰ ਅਨਾਜ ਦੇ ਮਾਮਲੇ ਵਿਚ ਆਤਮਨਿਰਭਰ ਬਣਾਉਣ ਦੇ ਲਈ ਠੋਸ ਕਦਮ ਚੁੱਕੇ। ਕੁਲ ਮਿਲਾ ਕੇ ਸ਼ਾਸਤਰੀ ਜੀ ਨੇ ਦੁਨੀਆ ਵਿਚ ਭਾਰਤ ਦੀ ਪ੍ਰਤਿਸ਼ਠਾ ਬਣਾਈ।

ਸੰਨ 1966 ਵਿਚ ਉਹ ਤਾਸ਼ਕੰਦ ਵਿਚ ਜਰੂਰੀ ਕੰਮ ਲਈ ਗਏ। ਜਿਥੇ ਉਹਨਾਂ ਦੀ ਅਚਾਨਕ ਮੌਤ ਹੋ ਗਈ। ਭਾਰਤ ਆਪਣਾ ਇਕ ਸੱਚਾ, ਈਮਾਨਦਾਰ, ਦੇਸ਼ਭਗਤੀ ਨਾਲ ਭਰਿਆ ਹੋਇਆ ਪਿਆਰਾ ਲਾਲ ਗਵਾ ਬੈਠਾ। ਆਉ, ਅਸੀ ਉਹਨਾਂ ਦੇ ਪੂਰੇ ਜੀਵਨ ਤੋਂ ਸਿਖਿਆ ਲੈ ਕੇ ਸੱਚ ਦੇ ਰਾਹ ਤੇ ਚਲੀਏ।

ਆਪਣੇ ਛੋਟੇ ਜਿਹੇ ਕਾਲ ਵਿਚ ਉਹ ਦੇਸ਼ ਵਾਸਤੇ ਸਫਲ ਪ੍ਰਧਾਨ ਮੰਤਰੀ ਸਿੱਧ ਹੋਏ ਅਤੇ ਲੋਕਾਂ ਦੇ ਦਿਲਾਂ ਉਤੇ ਛਾ ਗਏ। ਉਹਨਾਂ ਦਾ ਨਾਅਰਾ 'ਜੈ ਜਵਾਨ, ਜੈ ਕਿਸਾਨ', ਗੂੰਜ ਉਠਿਆ। ਆਪਣੇ ਸੁਖ ਅਤੇ ਸੁਆਰਥ ਦੀ ਪਰਵਾਹ ਕੀਤੇ ਬਗੈਰ ਉਹਨਾਂ ਨੇ ਆਪਣੀ ਸੰਪੂਰਣ ਸ਼ਕਤੀ ਦੇਸ਼ ਦੀ ਭਲਾਈ ਵਿਚ ਲਗਾ ਦਿੱਤੀ। ਆਪਣੇ ਫਰਜਾਂ ਦੀ ਬਲੀਵੇਦੀ ਉਤੇ ਆਪਣੇ ਆਪ ਨੂੰ ਭੇਟ ਚੜਾਉਣ ਵਾਲੇ ਉਸ ਮਹਾਮਾਨਵ ਦਾ ਜੀਵਨ ਹਮੇਸ਼ਾ ਇਕ ਸਾਗਰ ਦੀ ਤਰ੍ਹਾਂ ਰਿਹਾ ਜੋ ਸੰਸਾਰ ਦਾ ਸਾਰਾ ਖਾਰਾਪਨ ਆਪਣੇ ਅੰਦਰ ਛੁਪਾ ਲੈਂਦਾ ਹੈ ਅਤੇ ਸਾਰਾ ਮਿੱਠਾਪਨ ਦੁਨੀਆ ਵਿਚ ਵੰਡ ਦਿੰਦਾ ਹੈ।

ਸੰਪੰਨਤਾ ਅਤੇ ਸੁਰੱਖਿਆ ਸ਼ਾਸਤਰੀ ਜੀ ਦਾ ਮੂਲ ਮੰਤਰ ਰਿਹਾ। ਉਹ ਜਦ ਤਕ ਪ੍ਰਧਾਨ ਮੰਤਰੀ ਰਹੇ, ਉਹਨਾਂ ਨੇ ਕਿਸਾਨਾਂ ਅਤੇ ਜਵਾਨਾਂ ਦਾ ਹੌਸਲਾ ਬੁਲੰਦ ਰਖਿਆ। ਜਿਵੇਂ ਉਹ ਖੇਤੀਬਾੜੀ ਦੇ ਮਾਮਲੇ ਵਿਚ ਠੋਸ ਕਦਮ ਚੁਕਦੇ ਸਨ, ਉਂਜ ਹੀ ਸੁਰੱਖਿਆ ਦੇ ਮਾਮਲਿਆਂ ਵਿਚ ਵੀ ਉਹ ਕੋਈ ਸਮਝੌਤਾ ਨਹੀਂ ਕਰਦੇ ਸਨ।

ਸ਼ਾਸਤਰੀ ਜੀ ਹਮੇਸ਼ਾ ਅਸੰਭਵ ਜਿਹੀ ਲਗਣ ਵਾਲੀ ਪ੍ਰਸਥਿਤੀ ਨੂੰ ਚੁਨੌਤੀ ਦੇ ਰੂਪ ਵਿਚ ਸਵੀਕਾਰ ਕਰਦੇ ਸਨ। ਇਹੀ ਕਾਰਣ ਸੀ ਕਿ ਉਨ੍ਹਾਂ ਨੂੰ ਕਾਂਗਰਸ ਪਾਰਟੀ ਦੇ ਨੇਤਾ ਦੇ ਰੂਪ ਵਿਚ ਚੁਣ ਲਿਆ ਗਿਆ। ਸਰਲ, ਇਮਾਨਦਾਰ ਅਤੇ ਉਤਸ਼ਾਹਿਤ ਨੇਤਾ ਹੋਣ ਦੇ ਕਾਰਣ ਉਹ ਕਾਂਗਰਸ ਦੇ ਦੋਵੇਂ ਗੁਟਾਂ ਨੂੰ ਬਰਾਬਰ ਰੂਪ ਨਾਲ ਸਵੀਕਾਰ ਸਨ। ■



ਕਹਾਣੀ : ਕ੍ਰਿਸ਼ਣ ਸ਼ਰਮਾ

# ਗਲਤੀ ਦਾ ਅਹਿਸਾਸ

ਸਰਦੀ ਦੇ ਮੌਸਮ ਵਿੱਚ ਐਤਵਾਰ ਦੀ ਸਵੇਰ ਸੀ। ਪਾਰਕ ਵਿੱਚ ਸੈਰ ਕਰਨ ਦੇ ਬਾਅਦ ਰਾਜੂ ਘਰ ਵਾਪਸ ਆ ਰਿਹਾ ਸੀ। ਸੜਕ ਦੇ ਕਿਨਾਰੇ ਉਸ ਨੇ ਇਕ ਲਹੂਲੁਹਾਨ ਕੁੱਤੇ ਨੂੰ ਕਰਾਂਹਦੇ ਵੇਖਿਆ। ਉਚੀ ਸ਼੍ਰੇਣੀ ਦਾ ਇਹ ਇਕ ਛੋਟਾ ਜਿਹਾ ਪਾਲਤੂ ਕੁੱਤਾ ਸੀ। ਸ਼ਾਇਦ ਉਹ ਆਪਣੇ ਘਰ ਤੋਂ ਦੂਰ ਕਿਤੇ ਹੋਰ ਆ ਫਸਿਆ ਸੀ ਅਤੇ ਗਲੀ ਦੇ ਅਵਾਰਾ ਕੁੱਤਿਆਂ ਨੇ ਉਹਨੂੰ ਜ਼ਖਮੀ ਕਰ ਦਿੱਤਾ ਸੀ।

ਰਾਜੂ ਨੂੰ ਉਸ ਦੀ ਹਾਲਤ ਤੇ ਬੜਾ ਦੁੱਖ ਹੋਇਆ। ਉਸ ਨੇ ਉਸ ਨੂੰ ਬਾਹਾਂ ਵਿੱਚ ਉਠਾਇਆ ਅਤੇ ਘਰ ਲੈ ਆਇਆ। ਠੰਡ ਨਾਲ ਕੁੱਤੇ ਦਾ ਬੁਰਾ ਹਾਲ ਸੀ। ਰਾਜੂ ਦੇ ਦਾਦਾ ਜੀ ਨੇ ਪੂਰੀ ਗੱਲ ਸੁਣੀ ਤਾਂ ਕਿਹਾ -ਇਸ ਦੇ ਜਖਮ ਧੋ ਕੇ ਦਵਾਈ ਲਗਾਉ ਅਤੇ ਕੋਇਲੇ ਵਾਲੀ ਅੰਗੀਠੀ ਨਾਲ ਇਸ ਨੂੰ ਗਰਮੀ ਪਹੁੰਚਾਉਣ ਦੀ ਕੋਸ਼ਿਸ਼ ਕਰੋ, ਨਾਲ ਹੀ ਦੁੱਧ ਅਤੇ ਡਲਬਰੋਟੀ ਖਾਣ ਲਈ ਦਿਉ।

ਰਾਜੂ ਨੇ ਉਂਝ ਹੀ ਕੀਤਾ। ਉਸ ਨੇ ਕੁੱਤੇ ਦਾ ਨਾਮ ਮੋਤੀ ਰੱਖ ਦਿੱਤਾ। ਉਹ ਮੋਤੀ ਨੂੰ ਬਹੁਤ ਪਿਆਰ ਕਰਨ ਲੱਗਾ। ਮੋਤੀ ਦੀ ਕੰਉਂ-ਕੰਉਂ ਦੀ ਆਵਜ਼ ਉਹਨੂੰ ਬੜੀ ਭਲੀ ਲੱਗਣ ਲੱਗੀ। ਕੁਝ ਹੀ ਦਿਨਾਂ ਵਿੱਚ ਮੋਤੀ ਭਲਾ-ਚੰਗਾ ਹੋ ਗਿਆ।

ਦਿਨ ਵਿੱਚ ਜਦ ਰਾਜੂ ਸਕੂਲ ਵਿੱਚ ਰਹਿੰਦਾ ਤਦ ਪਿਛੇ ਦਾਦਾ ਜੀ ਮੋਤੀ ਦਾ ਧਿਆਨ ਰੱਖਦੇ। ਕਦੇ-ਕਦੇ ਉਹਨਾਂ ਨੂੰ ਸਪੱਸ਼ਟ ਮਹਿਸੂਸ ਹੁੰਦਾ ਕਿ ਇਸ ਨਵੇਂ ਵਾਤਾਵਰਣ ਵਿੱਚ ਮੋਤੀ ਖੁਸ਼ ਨਹੀਂ ਹੈ ਕਿਉਂਕਿ ਜਿਆਦਾਤਰ ਉਹ ਉਦਾਸ-ਜਿਹਾ ਇਕ ਕੋਨੇ ਵਿੱਚ ਬੈਠਾ ਰਹਿੰਦਾ ਸੀ। ਦਾਦਾ ਜੀ ਨੇ ਇਹੀ ਗੱਲ ਕਈ ਵਾਰ ਰਾਜੂ ਨੂੰ ਵੀ ਮਹਿਸੂਸ ਕਰਵਾਣੀ ਚਾਹੀ ਲੇਕਿਨ ਉਹ ਆਪਣੀ ਖੁਸ਼ੀ ਵਿੱਚ ਐਨਾ ਮਸਤ ਸੀ ਕਿ ਉਸ ਨੇ ਕੋਈ ਵਿਸ਼ੇਸ਼ ਧਿਆਨ ਨਹੀਂ ਦਿਤਾ।

ਇਕ ਦਿਨ ਰਾਜੂ ਸਕੂਲ ਤੋਂ ਵਾਪਸ ਆਇਆ ਤਾਂ ਦਾਦਾ ਜੀ ਨੇ ਉਸ ਨੂੰ ਅਖਬਾਰ ਦਾ ਇਕ ਪੰਨਾ ਵਿਖਾ ਕੇ ਕਿਹਾ - ''ਬੇਟੇ ਵੇਖੋ, ਅਖਬਾਰ ਵਿੱਚ ਤੇਰੇ ਮੋਤੀ ਦੀ ਗੁੰਮਸ਼ੁਧੀ ਦਾ ਇਸ਼ਤਿਹਾਰ ਛੱਪਿਆ ਹੈ। ਨਾਲ ਹੀ ਇਸ ਦੀ ਤਸਵੀਰ ਵੀ ਛਪੀ ਹੈ। ਇਹ ਇਕ ਸੰਯੋਗ ਹੀ ਹੈ ਕਿ ਮੋਤੀ ਦਾ ਅਸਲੀ ਨਾਮ ਵੀ ਮੋਤੀ ਹੀ ਹੈ। ਇਸ ਦਾ ਅਸਲੀ ਮਾਲਿਕ ਤੇਰੀ ਹੀ ਉਮਰ ਦਾ ਇਕ ਲੜਕਾ ਰਿੰਕੂ ਹੈ। ਮੋਤੀ ਦੇ ਗਵਾਚ ਜਾਣ ਨਾਲ ਰਿੰਕੂ ਬਹੁਤ ਪ੍ਰੇਸ਼ਾਨ ਹੈ। ਠੀਕ ਇਹੀ ਹੋਏਗਾ ਕਿ ਤੂੰ ਅੱਜ ਹੀ ਮੋਤੀ ਨੂੰ ਇਸ਼ਤਿਹਾਰ ਵਿੱਚ ਦਿੱਤੇ ਪਤੇ ਤੇ ਪਹੁੰਚਾ ਦੇ ।''

- ਨਹੀਂ, ਨਹੀਂ ਦਾਦਾ ਜੀ, ਮੈਂ ਮੋਤੀ ਨੂੰ ਕਦੇ ਨਹੀਂ ਵਾਪਸ ਕਰਾਂਗਾ। ਮੈਂ ਇਸ ਦੇ ਬਿਨਾਂ ਨਹੀਂ ਰਹਿ ਸਕਦਾ - ਰਾਜੂ ਨੇ ਜਲਦੀ ਨਾਲ ਕਿਹਾ। ਕਹਿੰਦੇ-ਕਹਿੰਦੇ ਉਸ ਦੀਆਂ ਅੱਖਾਂ ਵਿੱਚ ਹੰਝੂ ਭਰ ਆਏ।

ਦਾਦਾ ਜੀ ਨੇ ਬਹੁਤ ਸਮਝਾਇਆ ਲੇਕਿਨ ਉਹ ਨਹੀਂ ਮੰਨਿਆ। ਉਹ ਜਾਣਦੇ ਸਨ ਕਿ ਰਾਜੂ ਨੂੰ ਹੁਣ ਮੋਤੀ ਤੋਂ ਅਲਗ ਕਰ ਸਕਣਾ ਆਸਾਨ ਨਹੀਂ ਹੈ। ਲੇਕਿਨ ਰਿੰਕੂ ਦਾ ਖਿਆਲ ਆਉਂਦੇ ਹੀ ਉਹ ਕੁਝ ਨਾ ਕੁਝ ਕਰਨ ਲਈ ਤਤਪਰ ਹੋ ਉਠੇ। ਖੂਬ ਸੋਚ-ਵਿਚਾਰ ਕੇ ਦਾਦਾ ਜੀ ਨੇ ਇਕ ਯੋਜਨਾ ਬਣਾਈ ਅਤੇ ਉਮੀਦ ਕੀਤੀ ਕਿ ਜੋ ਹੋਏਗਾ ਚੰਗਾ ਹੀ ਹੋਏਗਾ।

ਅਗਲੇ ਦਿਨ ਜਦ ਰਾਜੂ ਸਕੂਲ ਤੋਂ ਵਾਪਸ ਆਇਆ ਤਾਂ ਘਰ ਵਿੱਚ ਮੋਤੀ ਨੂੰ ਕਿਤੇ ਵੀ ਨਾ ਵੇਖ ਕੇ ਹੈਰਾਨ ਰਹਿ ਗਿਆ। ਦੌੜ ਕੇ ਉਹ ਦਾਦਾ ਜੀ ਦੇ ਕਮਰੇ ਵਿੱਚ ਗਿਆ। ਦਾਦਾ ਜੀ ਪੁਸਤਕਾਂ ਝਾੜ-ਪੂੰਝ ਕੇ ਅਲਮਾਰੀ ਵਿੱਚ ਰੱਖ ਰਹੇ ਸਨ। ਉਸ ਨੇ ਚੀਕ ਕੇ



ਪੁੱਛਿਆ – ਦਾਦਾ ਜੀ, ਮੋਤੀ ਘਰ ਵਿੱਚ ਕਿਤੇ ਵੀ ਨਹੀਂ ਹੈ, ਕਿਥੇ ਚਲਾ ਗਿਆ?

ਦਾਦਾ ਜੀ ਨੇ ਹੈਰਾਨੀ ਪ੍ਰਗਟ ਕਰਦੇ ਹੋਏ ਉੱਤਰ ਦਿੱਤਾ। – ਤੇਰੀ ਮਾਂ ਸ਼ਾਇਦ ਮਿੰਨੀ ਨੂੰ ਲੈਣ ਉਸ ਦੇ ਸਕੂਲ ਗਈ ਹੈ। ਕਾਫੀ ਦੇਰ ਤੋਂ ਮੈਂ ਤਾਂ ਆਪਣੇ ਕਮਰੇ ਤੋਂ ਬਾਹਰ ਹੀ ਨਹੀਂ ਨਿਕਲਿਆ। ਹਾਂ, ਬਹੁਤ ਪਹਿਲਾਂ ਮਾਲੀ ਨੂੰ ਪਿੰਡ ਲਿਜਾਣ ਲਈ ਉਸ ਦਾ ਇਕ ਰਿਸ਼ਤੇਦਾਰ ਆਇਆ ਸੀ। ਤਦੇ ਕਿਤੇ ਮੇਨ ਗੇਟ ਖੁਲ੍ਹਾ ਵੇਖ ਮੋਤੀ ਬਾਹਰ ਸੜਕ ਤੇ ਨਾ ਚਲਾ ਗਿਆ ਹੋਵੇ। ਇਹ ਸੁਣਦੇ ਹੀ ਰਾਜੂ ਨੇ ਰੋਣਾ-ਚਿਲਾਉਣਾ ਸ਼ੁਰੂ ਕਰ ਦਿੱਤਾ।

ਮਾਂ ਵਾਪਸ ਆਈ ਤਾਂ ਉਸ ਨੇ ਵੀ ਇਹੀ ਕਿਹਾ ਕਿ ਉਹ ਆਪਣੇ ਕੰਮ ਵਿੱਚ ਬਹੁਤ ਰੁੱਝੀ ਸੀ ਇਸ ਲਈ ਇਸ ਸਬੰਧ ਵਿੱਚ ਕੁਝ ਨਹੀਂ ਜਾਣਦੀ। ਮਾਂ ਨੇ ਉਹਨੂੰ ਖਾਣਾ ਖਿਲਾਉਣ ਦੀ ਬਹੁਤ ਕੋਸ਼ਿਸ਼ ਕੀਤੀ ਲੇਕਿਨ ਉਸ ਨੇ ਖਾਣਾ ਵੀ ਨਹੀਂ ਖਾਧਾ।

ਬਹੁਤ ਦੇਰ ਬਾਅਦ ਦਾਦਾ ਜੀ ਉਸ ਕੋਲ ਆਏ। ਉਸ ਦੇ ਸਿਰ ਤੇ ਹੱਥ ਫੇਰਦੇ ਹੋਏ ਉਹਨਾਂ ਨੇ ਸਮਝਾਇਆ– ਬੇਟੇ, ਮੋਤੀ ਤੇਰੇ ਕੋਲ ਕੁਝ ਹੀ ਦਿਨਾਂ ਤੋਂ ਹੈ ਫਿਰ ਵੀ ਉਸ ਦੇ ਗਵਾਚ ਜਾਣ ਨਾਲ ਤੈਨੂੰ ਕਿੰਨਾ ਕਸ਼ਟ ਪਹੁੰਚਿਆ ਹੈ। ਜਰਾ ਸੋਚ ਕਿ ਇਸ ਦੇ ਗਵਾਚ ਜਾਣ ਨਾਲ ਰਿੰਕੂ ਕਿੰਨਾ ਦੁਖੀ ਹੋਏਗਾ ਜਿਸ ਦੇ ਕੋਲ ਮੋਤੀ ਨਾ ਜਾਣੇ ਕਦ ਤੋਂ ਰਹਿੰਦਾ ਆ ਰਿਹਾ ਸੀ। ਬਸ, ਇਹੀ ਅਹਿਸਾਸ ਕਰਵਾਉਣ ਲਈ ਮੈਂ ਤੇਰੇ ਨਾਲ ਇਕ ਨਾਟਕ ਕੀਤਾ ਹੈ। ਮੋਤੀ ਸਾਡੇ ਗਵਾਂਢੀਆਂ ਦੇ ਘਰ ਸੁਰੱਖਿਅਤ ਹੈ। ਲੇਕਿਨ ਉਹਨੂੰ ਘਰ ਲਿਆਉਣ ਤੋਂ ਪਹਿਲਾਂ ਤੂੰ ਉਹਨੂੰ ਰਿੰਕੂ ਨੂੰ ਵਾਪਸ ਕਰਨ ਦਾ ਮੈਨੂੰ ਵਚਨ ਦੇ ਅਤੇ ਹਾਂ ਤੇਰੇ ਲਈ ਇਕ ਖੁਸ਼ਖਬਰੀ ਹੈ। ਅੱਜ ਸਿਕਮ ਤੋਂ ਤੇਰੇ ਪਾਪਾ ਦਾ ਫੋਨ ਆਇਆ ਸੀ। ਉਹਨਾਂ ਨੇ ਦੱਸਿਆ ਕਿ ਪ੍ਰਮੋਸ਼ਨ ਲੈ ਕੇ ਉਹ ਹੁਣ ਕਰਨਲ ਬਣ ਗਏ ਹਨ। ਇਸੇ ਮਹੀਨੇ ਦੇ ਅੰਤ ਵਿੱਚ ਛੁੱਟੀ ਤੇ ਆ ਰਹੇ ਹਨ ਅਤੇ ਆਪਣੇ ਨਾਲ ਤੇਰੇ ਲਈ ਇਕ ਪਿਆਰਾ-ਜਿਹਾ ਪਿੱਲਾ ਵੀ ਲਿਆਉਣਗੇ।

ਰਾਜੂ ਮਗਨ ਹੋ ਕੇ ਸਾਰੀਆਂ ਗੱਲਾਂ ਸੁਣ ਰਿਹਾ ਸੀ। ਦਾਦਾ ਜੀ ਦੇ ਗਲੇ ਲਿਪਟਦੇ ਹੋਏ ਉਸ ਨੇ ਉੱਤਰ ਦਿੱਤਾ –ਦਾਦਾ ਜੀ, ਮੈਨੂੰ ਮਾਫ਼ ਕਰ ਦਿਉ। ਮੈਂ ਸਚਮੁਚ ਰਿੰਕੂ ਦੇ ਨਾਲ ਬੇਇਨਸਾਫੀ ਕਰ ਰਿਹਾ ਸੀ। ਕੱਲ ਐਤਵਾਰ ਹੈ। ਕੱਲ ਹੀ ਮੈਂ ਮੋਤੀ ਨੂੰ ਉਸ ਦੇ ਘਰ ਪਹੁੰਚਾ ਆਵਾਂਗਾ। ਕਹਿ ਕੇ ਉਹ ਗਵਾਂਢੀਆਂ ਦੇ ਘਰ ਵੱਲ ਭੱਜਿਆ।

ਦੂਸਰੇ ਦਿਨ ਰਾਜੂ ਮੋਤੀ ਨੂੰ ਲੈ ਕੇ ਅਖਬਾਰ ਵਾਲੇ ਪਤੇ ਤੇ ਪਹੁੰਚਿਆਂ ਤਾਂ ਰਿੰਕੂ ਦੇ ਘਰ ਦੇ ਕੋਲ ਪਹੁੰਚਦੇ ਹੀ ਮੋਤੀ ਵਿੱਚ ਗਜ਼ਬ ਦੀ ਫੁਰਤੀ ਆ ਗਈ। ਇਕ ਸਾਫ਼-ਸੁਥਰੇ ਅਤੇ ਵੱਡੇ ਘਰ ਦੇ ਸਾਹਮਣੇ ਮੋਤੀ ਰੁਕ ਗਿਆ ਅਤੇ ਹੌਲੀ-ਹੌਲੀ 'ਭੌਂ-ਭੌਂ ਕਰਨ ਲਗਾ। ਉਸਦੀ ਆਵਾਜ਼ ਸੁਣਦੇ ਹੀ ਲਪਕ ਕੇ ਇਕ ਲੜਕੇ ਨੇ ਗੇਟ ਖੋਲਿਆ ਤਾਂ ਮੋਤੀ ਕੁੱਦ ਕੇ ਸਿੱਧਾ ਉਸ ਦੀ ਗੋਦ ਵਿੱਚ ਜਾ ਚੜ੍ਹਿਆ। ਇਹੀ ਰਿੰਕੂ ਸੀ। ਉਸ ਨੇ ਬੜੇ ਪਿਆਰ ਨਾਲ ਰਾਜੂ ਨੂੰ ਆਪਣੇ ਕਮਰੇ ਵਿੱਚ ਬਿਠਾਇਆ।

ਰਿੰਕੂ ਦੇ ਮਾਤਾ-ਪਿਤਾ ਵੀ ਰਾਜੂ ਨੂੰ ਮਿਲ ਕੇ ਬੜੇ ਖੁਸ਼ ਹੋਏ। ਕਾਫੀ ਸਮੇਂ ਤਕ ਰਾਜੂ, ਰਿੰਕੂ ਦੇ ਨਾਲ ਰਿਹਾ। ਦੋਵੇਂ ਪੱਕੇ ਮਿੱਤਰ ਬਣ ਚੁੱਕੇ ਸਨ।

ਸ਼ਾਮ ਨੂੰ ਘਰ ਵਾਪਸ ਆਉਂਦੇ ਹੋਏ ਖੁਦ ਰਾਜੂ ਵੀ ਬਹੁਤ ਖੁਸ਼ ਸੀ ਕਿ ਉਸ ਨੇ ਛੇਤੀ ਹੀ ਆਪਣੀ ਭੁੱਲ ਸੁਧਾਰ ਲਈ ਅਤੇ ਉਹਨੂੰ ਰਿੰਕੂ ਵਰਗਾ ਪਿਆਰਾ ਦੋਸਤ ਮਿਲ ਗਿਆ।

ਲੇਖ : ਡਾ: ਵਿਨੋਦ ਗੁਪਤਾ

# ਸੀਤਾਫਲ

## ਸਵਾਦੀ ਹੀ ਨਹੀਂ, ਸਿਹਤਮੰਦ ਵੀ



ਕੁਦਰਤ ਨੇ ਧਰਤੀ ਤੇ ਤਰ੍ਹਾਂ-ਤਰ੍ਹਾਂ ਦੇ ਫਲ ਪੈਦਾ ਕੀਤੇ ਹਨ ਜੋ ਨਾ ਕੇਵਲ ਸਵਾਦਿਸ਼ਟ ਹਨ ਬਲਕਿ ਸਿਹਤਮੰਦ ਵੀ ਹਨ। ਇਹਨਾਂ ਵਿਚੋਂ ਹੀ ਇਕ ਹੈ ਸੀਤਾਫਲ।

ਸੀਤਾਫਲ ਦਾ ਬਨਸਪਤੀ ਨਾਮ ਅਨੋਨਾ ਸਕਵਾਮੋਸਾ ਹੈ। ਅੰਗ੍ਰੇਜ਼ੀ ਵਿਚ ਇਸ ਨੂੰ ਕਸਟਰਡ ਏਪਲ ਕਹਿੰਦੇ ਹਨ। ਇਹਨੂੰ ਸੀਤਾਫਲ ਦੇ ਇਲਾਵਾ, ਸਰੀਫਾ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ।

ਇਹ ਮੂਲ ਰੂਪ ਵਿੱਚ ਭਾਰਤੀ ਫਲ ਨਹੀਂ ਹੈ ਬਲਕਿ ਵੈਸਟਇੰਡੀਜ਼ ਇਸਦਾ ਮੂਲ ਸਥਾਨ ਹੈ ਲੇਕਿਨ ਅੱਜ ਇਹ ਸੰਪੂਰਨ ਭਾਰਤ ਵਿੱਚ ਪਾਇਆ ਜਾਂਦਾ ਹੈ। ਅਕਤੂਬਰ ਤੋਂ ਜਨਵਰੀ ਤਕ ਚਾਰ ਮਹੀਨੇ ਇਸਦੀ ਬਹਾਰ ਆਉਂਦੀ ਹੈ। ਇਹਨੂੰ ਕੱਚਾ ਹੀ ਰੁੱਖ ਨਾਲੋਂ ਤੋੜ ਲਿਆ ਜਾਂਦਾ ਹੈ ਅਤੇ ਫਿਰ ਚੂਨਾ ਕੈਮੀਕਲ ਨਾਲ ਪਕਾਇਆ ਜਾਂਦਾ ਹੈ ਅਤੇ ਗੱਤੇ ਦੇ ਕਾਰਟੂਨ, ਬਕਸਿਆਂ ਜਾਂ ਟੋਕਰੀਆਂ ਵਿੱਚ ਭਰ ਕੇ ਬਜਾਰ ਵਿੱਚ ਪੇਸ਼ ਕੀਤਾ ਜਾਂਦਾ ਹੈ। ਟਹਿਣੀ ਤੇ ਪੱਕੇ ਸੀਤਾਫਲ ਜ਼ਿਆਦਾ ਮਿਠੇ ਅਤੇ ਸਵਾਦਿਸ਼ਟ ਹੁੰਦੇ ਹਨ।

ਸੀਤਾਫਲ ਸਾਰੇ ਜ਼ਰੂਰੀ ਪੋਸ਼ਕ ਤੱਤਾਂ ਨਾਲ ਭਰਪੂਰ ਹੁੰਦਾ ਹੈ। ਇਸ ਵਿੱਚ ਪ੍ਰੋਟੀਨ, ਵਿਟਾਮਿਨ, ਖਣਿਜ ਲਵਣ, ਕਾਰਬੋਹਾਈਡ੍ਰੇਟਸ ਅਤੇ ਰੇਸ਼ਾ ਸਾਰਾ ਕੁਝ ਹੁੰਦਾ ਹੈ। ਇਸ ਵਿਚ ਸ਼ੂਗਰ ਦੀ ਮਾਤਰਾ ਜ਼ਿਆਦਾ ਹੁੰਦੀ ਹੈ।

ਸੀਤਾਫਲ ਵਿਚ ਪ੍ਰੋਟੀਨ ਹੋਣ ਨਾਲ ਇਹ ਮਾਸਪੇਸ਼ੀਆਂ ਨੂੰ ਨਾ ਕੇਵਲ ਅਰੋਗ ਕਰਦਾ ਹੈ ਬਲਕਿ ਉਹਨਾਂ ਨੂੰ ਮਜ਼ਬੂਤ ਵੀ ਬਣਾਉਂਦਾ ਹੈ। ਵਧਦੀ ਉਮਰ ਦੇ ਬੱਚਿਆਂ ਅਤੇ ਜਵਾਨਾਂ ਲਈ ਬਹੁਤ ਲਾਭਦਾਇਕ ਹੈ।

ਸੀਤਾਫਲ ਵਿਚ ਵਿਟਾਮਿਨ ਏ ਭਰਪੂਰ ਮਾਤਰਾ ਵਿਚ ਹੁੰਦਾ ਹੈ ਜੋ ਅੱਖਾਂ ਦਾ ਜੋਤੀ ਵਧਾਉਂਦਾ ਹੈ। ਇਸਦੇ ਖਾਣ ਨਾਲ ਚਮੜੀ ਸਿਹਤਮੰਦ ਅਤੇ ਚਮਕਦਾਰ ਬਣੀ ਰਹਿੰਦੀ ਹੈ ਅਤੇ ਵਾਲਾਂ ਦੀ ਗ੍ਰੋਥ ਹੁੰਦੀ ਹੈ। ਸੀਤਾਫਲ ਹਿਰਦੇ ਨੂੰ ਵੀ ਮਜ਼ਬੂਤ ਬਣਾਉਂਦਾ ਹੈ। ਇਸ ਵਿਚ ਮੌਜੂਦ ਮੈਗਨੀਸ਼ੀਅਮ ਹਿਰਦੇ ਲਈ ਬਹੁਤ ਜ਼ਰੂਰੀ ਹੈ।

ਸੀਤਾਫਲ ਵਿੱਚ 4.1 ਪ੍ਰਤੀਸ਼ਤ ਰੇਸ਼ਾ ਹੁੰਦਾ ਹੈ ਜੋ ਕਿ ਪੇਟ ਸਾਫ਼ ਰੱਖਦਾ ਹੈ ਅਤੇ ਆਂਤੜੀਆਂ ਵਿੱਚ ਫਸੇ ਮਲ ਨੂੰ ਵੀ ਆਸਾਨੀ ਨਾਲ ਬਾਹਰ ਕੱਢ ਦਿੰਦਾ ਹੈ।

ਇਸ ਵਿਚ ਲੋਹ-ਤੱਤ ਵੀ ਪਾਇਆ ਜਾਂਦਾ ਹੈ ਜੋ ਕਿ ਖ਼ੂਨ ਨਿਰਮਾਣ ਵਿੱਚ ਸਹਾਇਕ ਹੁੰਦਾ ਹੈ। ਜਿਨ੍ਹਾਂ ਨੂੰ ਅਨੀਮੀਆ ਦੀ ਸ਼ਿਕਾਇਤ ਹੈ, ਉਹਨਾਂ ਨੂੰ ਇਸਦੀ ਵਰਤੋਂ ਜ਼ਰੂਰ ਕਰਨੀ ਚਾਹੀਦੀ ਹੈ।

ਸੀਤਾਫਲ ਹੱਡੀਆਂ ਦੇ ਨਿਰਮਾਣ ਅਤੇ ਮਜ਼ਬੂਤੀ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ ਕਿਉਂਕਿ ਇਸ ਵਿਚ ਕੈਲਸ਼ੀਅਮ ਅਤੇ ਫਾਸਫੋਰਸ ਹੁੰਦਾ ਹੈ।

ਸੀਤਾਫਲ ਵਿਚ ਬੀ ਗਰੁੱਪ ਦੇ ਵਿਟਾਮਿਨ ਹੁੰਦੇ ਹਨ।

ਸੀਤਾਫਲ ਐਸਿਡਿਟੀ ਵੀ ਦੂਰ ਕਰਦਾ ਹੈ ਅਤੇ ਠੰਡਕ ਪਹੁੰਚਾਉਂਦਾ ਹੈ।

ਦਸਤ ਲੱਗਣ ਦੀ ਹਾਲਤ ਵਿਚ ਸੀਤਾਫਲ ਨੂੰ ਧੁੱਪ ਵਿੱਚ ਸੁਕਾ ਕੇ ਉਸਦੇ ਗੁੱਦੇ ਦਾ ਚੂਰਣ ਬਣਾ ਕੇ ਖਾਣ ਨਾਲ ਲਾਭ ਹੁੰਦਾ ਹੈ।

ਸੀਤਾਫਲ ਖਾਣ ਨਾਲ ਸਰੀਰ ਨੂੰ ਪੋਸ਼ਣ ਤਾਂ ਮਿਲਦਾ ਹੈ ਲੇਕਿਨ ਚਰਬੀ ਨਹੀਂ ਵਧਦੀ ਕਿਉਂਕਿ ਇਸ ਵਿੱਚ ਵਸਾ ਨਹੀਂ ਹੁੰਦੀ।

ਸੀਤਾਫਲ ਦੀ ਛਾਲ ਨੂੰ ਘੱਟ ਨਾ ਸਮਝੋ। ਇਹਨੂੰ ਸੁਕਾ ਕੇ ਪੀਹ ਲਓ ਅਤੇ ਉਹਨੂੰ ਮੰਜਿਨ ਦੇ ਰੂਪ ਵਿੱਚ ਇਸਤੇਮਾਲ ਕਰੋ। ਇਸ ਨਾਲ ਪਾਇਰਿਆ ਦੀ ਸ਼ਿਕਾਇਤ ਨਹੀਂ ਰਹੇਗੀ ਅਤੇ ਦੰਦ ਸਿਹਤਮੰਦ, ਸੁੰਦਰ ਅਤੇ ਮਜ਼ਬੂਤ ਹੋਣਗੇ।

ਸੀਤਾਫਲ ਦੀ ਛਾਲ ਨਾਲ ਆਯੁਰਵੈਦਿਕ ਦਵਾਈ ਵੀ ਬਣਾਈ ਜਾਂਦੀ ਹੈ।

ਪਾਗਲਪਣ ਵਿੱਚ ਇਸ ਦੀਆਂ ਪੱਤੀਆਂ ਸੁੰਘਣ ਨਾਲ ਲਾਭ ਹੁੰਦਾ ਹੈ।

ਸੱਚ ਤਾਂ ਇਹ ਹੈ ਕਿ ਸੀਤਾਫਲ ਦਾ ਫਲ ਹੀ ਨਹੀਂ ਉਸਦੇ ਬੀਜ਼, ਪੱਤੀਆਂ, ਛਾਲ ਸਾਰਿਆਂ ਵਿੱਚ ਦਵਾਈ ਦੇ ਗੁਣ ਹਨ।

❑ ਦੀਪਾਂਸ਼ੂ ਜੈਨ

# ਵਿਚਿੱਤਰ ਛਿਪਕਲੀਆਂ

ਛਿਪਕਲੀਆਂ ਹਮੇਸ਼ਾਂ ਹਰ ਘਰ ਵਿੱਚ ਵੇਖਣ ਨੂੰ ਮਿਲ ਜਾਂਦੀਆਂ ਹਨ। ਆਉ ਅੱਜ ਅਸੀਂ ਤਹਾਨੂੰ ਕੁਝ ਅਜੀਬੋ-ਗਰੀਬ ਛਿਪਕਲੀਆਂ ਨਾਲ ਮਿਲਾਵਾਂਗੇ –

**ਦੇਵ ਛਿਪਕਲੀ :** ਇੰਡੋਨੇਸ਼ੀਆ ਦੇ ਕਮੋਡ ਦੀਪ ਵਿੱਚ ਪਾਈ ਜਾਣ ਵਾਲੀ ਡ੍ਰਾਗੋਨ ਨਾਮਕ ਛਿਪਕਲੀ ਆਪਣੇ ਭਾਰੀ-ਭਰਕਮ ਸਰੀਰ ਦੇ ਕਾਰਣ ਸਚਮੁਚ 'ਦੇਵ' ਅਖਵਾਉਣ ਦੀ ਹੱਕਦਾਰ ਹੈ। ਇਹ ਤੇਰਾਂ-ਚੌਦਾਂ ਫੁੱਟ ਲੰਮੀ ਹੁੰਦੀ ਹੈ ਅਤੇ ਇਸਦਾ ਵਜਨ ਢਾਈ ਸੌ ਪੌਂਡ ਦੇ ਲਗਭਗ ਹੁੰਦਾ ਹੈ। ਇਹ ਕਿਤਨੀ ਖਤਰਨਾਕ ਹੁੰਦੀ ਹੈ, ਇਸਦਾ ਅਨੁਮਾਨ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਇਹ ਜੰਗਲੀ ਸੂਅਰ, ਘੋੜੇ ਅਤੇ ਹਿਰਣ ਆਦਿ ਨੂੰ ਸਮੁੱਚਾ ਚਟ ਕਰ ਜਾਂਦੀ ਹੈ। ਦੁਨੀਆ ਵਿੱਚ ਇਸ ਤੋਂ ਵੱਡੀ ਛਿਪਕਲੀ ਨਹੀਂ ਮਿਲਦੀ।

**ਚਾਕੂ ਛਿਪਕਲੀ :** ਅਮਰੀਕਾ ਵਿੱਚ ਪਾਈ ਜਾਣ ਵਾਲੀ ਇਸ ਛਿਪਕਲੀ ਦੀ ਪੂਛ ਲੰਮੀ ਅਤੇ ਚਾਕੂ ਦੀ ਤਰ੍ਹਾਂ ਹੁੰਦੀ ਹੈ। ਇਹੀ ਨਹੀਂ, ਮੋਰ ਦੀ ਤਰ੍ਹਾਂ ਉਸਦੇ ਸਿਰ ਤੇ ਇਕ ਸੁੰਦਰ ਕਲਗੀ ਵੀ ਹੁੰਦੀ ਹੈ। ਹੋਰ ਤਾਂ ਹੋਰ ਇਹ ਅਦਭੁਤ ਛਿਪਕਲੀ ਪਾਣੀ ਵਿੱਚ ਤੈਰ ਵੀ ਸਕਦੀ ਹੈ। ਤੈਰਨ ਵਿੱਚ ਉਸਦੀ ਲੰਮੀ ਚਾਕੂ ਵਰਗੀ ਪੂਛ ਬਹੁਤ ਸਹਾਇਤਾ ਕਰਦੀ ਹੈ।

**ਰੰਗ-ਬਦਲੂ ਛਿਪਕਲੀ :** ਅਮਰੀਕਾ ਦੀ ਇਹ ਛਿਪਕਲੀ ਵੀ ਜਦ ਚਾਹੇ ਆਪਣੀ ਪਸੰਦ ਦਾ ਰੰਗ ਬਦਲ ਲੈਂਦੀ ਹੈ ਅਤੇ ਇਸ ਤਰ੍ਹਾਂ ਆਸਾਨੀ ਨਾਲ ਆਪਣੇ ਦੁਸ਼ਮਣ ਨੂੰ ਧੋਖਾ ਦੇ ਦਿੰਦੀ ਹੈ।

**ਸਿੰਗਦਾਰ ਛਿਪਕਲੀ :** ਇਹ ਬਿਲਕੁਲ ਜ਼ਰੂਰੀ ਨਹੀਂ ਹੈ ਕਿ ਸਿੰਗ ਕੇਵਲ ਚਾਰ ਪੈਰਾਂ ਵਾਲਿਆਂ ਦੇ ਹੁੰਦੇ ਹਨ। ਮਟਿਆਲੇ ਰੰਗ ਦੀ ਇਹ ਛਿਪਕਲੀ ਵੀ ਆਪਣੇ ਮੱਥੇ ਤੇ ਚਾਰ ਪੈਰਾਂ ਵਾਲਿਆਂ ਵਾਂਗ ਸਿੰਗ ਰੱਖਦੀ ਹੈ। ਮਜੇ ਦੀ ਗੱਲ ਇਹ ਹੈ ਕਿ ਚਾਰ ਪੈਰਾਂ ਵਾਲਿਆਂ ਦੀ ਤਰ੍ਹਾਂ ਧਰਤੀ ਤੇ ਰਹਿਣਾ ਪਸੰਦ ਕਰਦੀ ਹੈ।

**ਸ਼ਾਕਾਹਾਰੀ ਛਿਪਕਲੀ :** ਕੀੜੇ-ਮਕੌੜੇ ਨਾ ਖਾ ਕੇ ਘਾਹ-ਫੂਸ ਨਾਲ ਹੀ ਸ਼ਾਕਾਹਾਰੀ ਛਿਪਕਲੀ ਜੀਵਨ ਗੁਜਾਰਦੀ ਹੈ। ਇਸਦਾ ਨਾਮ 'ਇੰਗਵਾਨ' ਹੈ ਅਤੇ ਇਹ ਧਰਤੀ ਤੇ ਨਹੀਂ, ਪਾਣੀ ਵਿੱਚ ਰਹਿੰਦੀ ਹੈ।

**ਜਮਾਖੋਰ ਛਿਪਕਲੀ :** ਮੈਕਸੀਕੋ ਵਿੱਚ ਪਾਈ ਜਾਣ ਵਾਲੀ 'ਗਿਲੇ ਮੋਸਟਰ' ਨਾਮਕ ਛਿਪਕਲੀ ਆਪਣੀ ਲੰਮੀ ਪੂਛ ਵਿੱਚ ਖਾਣਾ ਜਮਾ ਕਰਦੀ ਰਹਿੰਦੀ ਹੈ। ਇਹ ਬਹੁਤ ਖਤਰਨਾਕ ਹੁੰਦੀ ਹੈ। ਆਪਣੇ ਸ਼ਿਕਾਰ ਤੇ ਹਮਲਾ ਕਰਕੇ ਇਹ ਉਸ ਨਾਲ ਚਿਪਕ ਜਾਂਦੀ ਹੈ ਅਤੇ ਉਸਦੇ ਸਰੀਰ ਵਿੱਚ ਜ਼ਹਿਰ ਪ੍ਰਵੇਸ਼ ਕਰਕੇ ਉਸਨੂੰ ਮਾਰ ਦਿੰਦੀ ਹੈ।

**ਦਾੜ੍ਹੀ ਵਾਲੀ ਛਿਪਕਲੀ :** ਇਸ ਨੂੰ ਦਾੜ੍ਹੀ ਰੱਖਣ ਦਾ ਸ਼ੌਕ ਹੈ ਪਰ ਇਹ ਦਾੜ੍ਹੀ ਉਸ ਸਮੇਂ ਪ੍ਰਗਟ ਹੁੰਦੀ ਹੈ ਜਦ ਇਸ ਨੂੰ ਗੁੱਸਾ ਆਉਂਦਾ ਹੈ। ਉਸ ਸਮੇਂ ਇਸ ਦੇ ਗਲੇ ਦੀ ਹੇਠਲੀ ਖੱਲ ਲਟਕ ਜਾਂਦੀ ਹੈ, ਜੋ ਵੇਖਣ ਨੂੰ ਇੰਝ ਲੱਗਦੀ ਹੈ ਜਿਵੇਂ ਦਾੜ੍ਹੀ ਹੋਵੇ।

**ਝਾਲਰ ਵਾਲੀ ਛਿਪਕਲੀ :** ਅੱਠ ਇੰਚ ਲੰਬੀ ਇਸ ਛਿਪਕਲੀ ਦੀ ਪੂਛ ਲਗਭਗ ਦੋ ਫੁੱਟ ਲੰਬੀ, ਪਤਲੀ, ਚਾਬੁਕ ਦੀ ਤਰ੍ਹਾਂ ਹੁੰਦੀ ਹੈ। ਇਸ ਦੀ ਸਭ ਤੋਂ ਅਨੋਖੀ ਗੱਲ ਹੈ ਇਸ ਦੀ ਗਰਦਨ ਤੇ ਲਟਕਣ ਵਾਲੀ ਖੱਲ ਦੀ







ਝਾਲਰ। ਜਦ ਇਹਨੂੰ ਕੋਈ ਖਤਰਾ ਹੁੰਦਾ ਹੈ ਤਾਂ ਇਹ ਛਿਪਕਲੀ ਆਪਣੀਆਂ ਟੰਗਾਂ ਨੂੰ ਸਮੇਟ ਕੇ ਖੜੀ ਹੋ ਜਾਂਦੀ ਹੈ ਅਤੇ ਆਪਣੇ ਸਿਰ ਨੂੰ ਉਪਰ ਉਠਾ ਕੇ ਆਪਣਾ ਮੂੰਹ ਖੋਲ ਲੈਂਦੀ ਹੈ ਅਤੇ ਤਦ ਇਹ ਆਪਣੀ ਗਰਦਨ ਤੇ ਲਟਕੀ ਝਾਲਰ ਨੂੰ ਵੀ ਖੋਲ ਕੇ ਇਕ ਸਖਤ ਕਾਲਰ ਦੀ ਤਰ੍ਹਾਂ ਫੈਲਾ ਲੈਂਦੀ ਹੈ।

**ਰੁੱਖ ਤੇ ਚੜਨ ਵਾਲੀ ਛਿਪਕਲੀ :** ਇਸ ਛਿਪਕਲੀ ਦਾ ਵਿਗਿਆਨਕ ਨਾਮ ਹੈ 'ਕੇਮੇਲਿਓਨ'। ਇਹ ਰੁੱਖ ਤੇ ਚੜਨ ਵਾਲੀ ਛਿਪਕਲੀ ਹੈ, ਜੋ ਮੁਖ ਰੂਪ ਨਾਲ ਸ੍ਰੀਲੰਕਾ, ਅਫਰੀਕਾ ਅਤੇ ਦੱਖਣੀ ਯੂਰਪ ਵਿੱਚ ਮਿਲਦੀ ਹੈ। ਇਹ ਇਕ ਕੀਟਭਕਸ਼ੀ ਜੰਤੂ ਹੈ। ਕੀੜੇ-ਮਕੌੜੇ, ਟਿੱਡੇ, ਝੀਂਗੁਰ ਅਤੇ ਮਕੜੀਆਂ ਇਸਦਾ ਮੁਖ ਭੋਜਨ ਹੈ। ਇਸਦੇ ਪੈਰ ਦੀਆਂ ਉਂਗਲੀਆਂ ਛੋਟੀਆਂ ਹੁੰਦੀਆਂ ਹਨ। ਅੱਖਾਂ ਵੱਡੀਆਂ ਅਤੇ ਢਕੀਆਂ ਹੁੰਦੀਆਂ ਹਨ। ਸਿਰ ਤੇ ਮੁਰਗੇ ਵਾਂਗ ਕਲਗੀ ਹੁੰਦੀ ਹੈ।

ਸਭ ਤੋਂ ਮਜੇਦਾਰ ਗੱਲ ਤਾਂ ਇਹ ਹੈ ਕਿ ਇਸ ਦੀ ਜੀਭ ਬਹੁਤ ਲੰਮੀ ਹੁੰਦੀ ਹੈ। ਜੀਭ ਦੀ ਲੰਬਾਈ ਦਾ ਪਤਾ ਸਿਰਫ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਪੂਰੀ ਨਿਕਲੀ ਹੋਈ ਜੀਭ ਸੰਪੂਰਣ ਸਰੀਰ ਤੋਂ ਵੀ ਲੰਮੀ ਹੁੰਦੀ ਹੈ। ਪ੍ਰਾਣੀ-ਜਗਤ ਵਿੱਚ ਸ਼ਾਇਦ ਕੇਮੇਲਿਅਨ ਦੀ ਜੀਭ ਹੀ ਸਭ ਤੋਂ ਵੱਧ ਲੰਮੀ ਹੁੰਦੀ ਹੈ। ਇਸ ਛਿਪਕਲੀ ਦੀ ਜੀਭ ਦਾ ਅਗਲੇ ਹਿਸੇ ਦਾ ਸਿਰਾ ਫੁੱਲਿਆ ਹੋਇਆ ਅਤੇ ਤਰਲ ਪਦਾਰਥ ਨਾਲ ਭਰਪੂਰ ਹੁੰਦਾ ਹੈ। ਇਹ ਪ੍ਰਾਣੀ ਜੀਭ ਦੀ ਸਹਾਇਤਾ ਨਾਲ ਹੀ ਸ਼ਿਕਾਰ ਕਰਦਾ ਹੈ। ਇਸ ਛਿਪਕਲੀ ਵਿੱਚ ਰੰਗ ਬਦਲਣ ਦੀ ਅਦਭੁਤ ਤਾਕਤ ਹੁੰਦੀ ਹੈ। ਥੋੜਾ ਜਿਹਾ ਛੇੜਨ ਨਾਲ ਇਹ ਆਪਣਾ ਰੰਗ ਬਦਲ ਲੈਂਦੀ ਹੈ। ਕੇਮੇਲਿਓਨ ਅੰਡੇ ਦੇਂਦੀ ਹੈ, ਪ੍ਰੰਤੂ ਇਸ ਦੀਆਂ ਕੁਝ ਜਾਤੀਆਂ ਬੱਚੇ ਵੀ ਪੈਦਾ ਕਰਦੀਆਂ ਹਨ।



# ਚੋਰੀ ਦਾ ਕਾਰਨ

ਇਕ ਦਿਨ ਮਨੀਸ਼ੀ ਕਨਫਿਊਸੀਅਸ ਦੀ ਅਦਾਲਤ ਵਿੱਚ ਚੋਰੀ ਦਾ ਮਾਮਲਾ ਆਇਆ। ਕਨਫਿਊਸੀਅਸ ਨੇ ਚੋਰ ਨੂੰ ਛੇ ਮਹੀਨੇ ਦੀ ਸਜਾ ਸੁਣਾ ਦਿੱਤੀ। ਜਿਸ ਸ਼ਾਹੂਕਾਰ ਦੇ ਘਰ ਵਿੱਚ ਚੋਰੀ ਹੋਈ ਸੀ ਉਸ ਨੂੰ ਵੀ ਛੇ ਮਹੀਨੇ ਦੀ ਸਜਾ ਸੁਣਾ ਦਿੱਤੀ।

ਅਦਾਲਤ ਵਿੱਚ ਬੈਠੇ ਸਾਰੇ ਹੀ ਹੈਰਾਨ ਹੋ ਗਏ। ਸ਼ਾਹੂਕਾਰ ਬੋਲਿਆ – ਇਹ ਕਿਸ ਤਰ੍ਹਾਂ ਦਾ ਇਨਸਾਫ਼ ਹੈ। ਮੇਰੀ ਦੌਲਤ ਦੀ ਚੋਰੀ ਹੋ ਗਈ, ਤੁਸੀਂ ਚੋਰ ਦੇ ਨਾਲ-ਨਾਲ ਮੈਨੂੰ ਵੀ ਸਜ਼ਾ ਸੁਣਾ ਦਿੱਤੀ। ਮੇਰਾ ਦੋਸ਼ ਕੀ ਹੈ? ਕਨਫਿਊਸੀਅਸ ਨੇ ਕਿਹਾ – ''ਤੂੰ ਐਨੀ ਜ਼ਿਆਦਾ ਦੌਲਤ ਇੱਕਠੀ ਕੀਤੀ ਹੋਈ ਹੈ ਕਿ ਚੋਰ ਨੂੰ ਚੋਰੀ ਕਰਨੀ ਪੈ ਗਈ। ਅਸਲ ਵਿੱਚ ਚੋਰੀ ਦਾ ਕਾਰਨ ਹੀ ਜ਼ਿਆਦਾ ਦੌਲਤ ਹੈ।

ਚੰਗਾ ਸਮਾਜ ਉਹੋ ਹੁੰਦਾ ਹੈ ਜਿਥੇ ਅਮੀਰ-ਗਰੀਬ, ਵੱਡਾ-ਛੋਟਾ ਇਕੋ ਜਿਹਾ ਹੁੰਦਾ ਹੈ ਅਤੇ ਜਿਥੇ ਵਿਤਕਰੇ ਹੁੰਦੇ ਹਨ ਉਥੇ ਅਪਰਾਧ ਵਧਦੇ ਜਾਂਦੇ ਹਨ। ਇਕ ਵਿਅਕਤੀ ਤਾਂ ਭੁੱਖਾ ਰਹੇ ਅਤੇ ਦੂਜਾ ਬਹੁਤ ਜ਼ਿਆਦਾ ਪੈਸੇ ਵਾਲਾ ਹੋਵੇ ਅਤੇ ਅਮੀਰੀ ਦਾ ਵਿਖਾਵਾ ਕਰੇ। ਇਹ ਸਾਰੇ ਕਾਰਨ ਚੋਰੀ ਦੇ ਹੀ ਹਨ। ਜਦੋਂ ਚੋਰੀ ਦਾ ਕਾਰਨ ਹੀ ਮਿਟ ਜਾਏਗਾ ਤਾਂ ਕੋਈ ਵੀ ਚੋਰੀ ਨਹੀਂ ਹੋਵੇਗੀ। ਇਹ ਸੁਣ ਕੇ ਕਨਫਿਊਸੀਅਸ ਦੇ ਇਨਸਾਫ਼ ਨਾਲ ਸ਼ਾਹੂਕਾਰ ਅਤੇ ਦੂਜੇ ਲੋਕ ਵੀ ਸਹਿਮਤ ਹੋ ਗਏ।

❑ ਜਗਤਾਰ ਚਮਨ



# ਰੰਗ ਭਰੋ



ਨਾਂ ........................................................................ ਉਮਰ..........

ਪੂਰਾ ਪਤਾ..........................................................................

..........................................................................................

..........................................................................................

# ਅਗਸਤ ਅੰਕ ਦੀ ਰੰਗ ਭਰੋ ਪ੍ਰਤੀਯੋਗਤਾ ਦਾ ਨਤੀਜਾ

**ਪਹਿਲਾ ਨੰ :**

ਸ਼ੁਭਨੀਤ ਹੀਰਾ (ਉਮਰ 7 ਸਾਲ)
ਹਾਊਸ ਨੰਬਰ 491
ਪਿੰਡ ਤੇ ਡਾਕਖਾਨਾ - ਲਾਲਗੜ
ਜ਼ਿਲਾ ਹੁਸ਼ਿਆਰਪੁਰ (ਪੰਜਾਬ)

**ਦੂਸਰਾ ਨੰ :**

ਯਸ਼ਿਕਾ ਭੈਲਾ (ਉਮਰ 8 ਸਾਲ)
ਪਿੰਡ ਤੇ ਡਾਕਖਾਨਾ - ਡੇਰਾ ਬਾਬਾ ਨਾਨਕ
ਜ਼ਿਲਾ ਗੁਰਦਾਸਪੁਰ (ਪੰਜਾਬ)

**ਤੀਸਰਾ ਨੰ :**

ਦਿਲਪ੍ਰੀਤ ਸਿੰਘ (ਉਮਰ 10 ਸਾਲ)
ਪਿੰਡ ਤੇ ਡਾਕਖਾਨਾ - ਲਹਿਲ ਕਲਾਂ
ਜ਼ਿਲਾ ਸੰਗਰੂਰ (ਪੰਜਾਬ)

## ਪਸੰਦ ਕੀਤੇ ਗਏ -

ਪਰਵੀਨ ਕੌਰ (ਨਾਨਕ ਨਗਰੀ),
ਪ੍ਰਭਜੋਤ ਕੌਰ (ਭੈਰੋ ਮਾਜਰਾ),
ਸਮੀਪਤਾ ਖੁਰਾਨਾ (ਜਲੰਧਰ),
ਵਿਦਿਤ ਬਜਾਜ (ਖੁਸ਼ਹਾਲ ਪੁਰ),
ਸੁਭਪ੍ਰੀਤ (ਅੰਮ੍ਰਿਤਸਰ),
ਗੁਰਮੁਖ ਨੂਰ (ਗੁਮਟਾਲਾ),
ਨਿਮਰਤਾ (ਬੁਢਲਾਡਾ),
ਸਿਦਕ ਭਾਟੀਆ (ਦੋਰਾਹਾ),
ਸਿਮਰਨ ਕੌਰ (ਧਰਮਪੁਰਾ),
ਕਿਰਨਦੀਪ (ਲੁਧਿਆਣਾ),
ਗੁਰਪ੍ਰੀਤ (ਗਿਦੜਬਾਹਾ),
ਸੁਖਪ੍ਰੀਤ ਸਿੰਘ (ਮਾਨਸਾ),
ਹਰਸੂਲ (ਕਲਿਆਣਪੁਰ),
ਗੁਰਵਿੰਦਰ (ਜ਼ੀਰਾ),
ਪ੍ਰੇਰਨਾ (ਬੇਦੀ ਨਗਰ),
ਏਕਤਾ (ਹਰੀਕੇ ਪਤਨ),
ਗੁਰਲੀਨ ਕੌਰ (ਡੱਫਰ),
ਜਸ਼ਨਪ੍ਰੀਤ ਕੌਰ (ਬੋਹਾ),
ਸਰਬਜੀਤ ਕੌਰ (ਜਗਰਾਉਂ),
ਵੰਸ਼ਿਕਾ ਬੇਥੋ (ਬੁਢਲਾਡਾ)




## ਅਕਤੂਬਰ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ

ਪਿਛਲੇ ਸਫ਼ੇ ਤੇ ਇਕ ਚਿੱਤਰ ਦਿੱਤਾ ਗਿਆ ਹੈ। ਇਸ ਚਿੱਤਰ 'ਚ ਸੋਹਣੇ-ਸੋਹਣੇ ਰੰਗ ਭਰ ਕੇ *25 ਅਕਤੂਬਰ 2019* ਤਕ ਸੰਪਾਦਕ, 'ਹੰਸਤੀ ਦੁਨੀਆ', ਨਿਰੰਕਾਰੀ ਕੰਪਲੈਕਸ, ਸੰਤ ਨਿਰੰਕਾਰੀ ਕਾਲੋਨੀ, ਦਿੱਲੀ-9 ਦੇ ਦਫ਼ਤਰ ਚ ਭੇਜ ਦਿਉ।

ਨਤੀਜੇ ਦੀ ਘੋਸ਼ਣਾ 'ਹੰਸਤੀ ਦੁਨੀਆ' ਦੇ *ਦਸੰਬਰ 2019* ਅੰਕ 'ਚ ਕੀਤੀ ਜਾਵੇਗੀ। ਚਿੱਤਰ ਦੇ ਹੇਠਾਂ ਆਪਣਾ ਨਾਂ ਅਤੇ ਪੂਰਾ ਪਤਾ ਸਾਫ਼-ਸਾਫ਼ ਜ਼ਰੂਰ ਲਿਖੋ।

15 ਸਾਲ ਦੀ ਉਮਰ ਤਕ ਦੇ ਬੱਚੇ ਹਿੱਸਾ ਲੈ ਸਕਦੇ ਹਨ।

ਡਾ: ਵਿਦਿਆ ਪ੍ਰਸਾਦ

# ਹਿਰਣਾਂ ਦੀ ਖੂਬਸੂਰਤ ਦੁਨੀਆ



ਉਂਝ ਤਾਂ ਕੁਦਰਤ ਵਿੱਚ ਢੇਰਾਂ ਖੂਬਸੂਰਤ ਪਸ਼ੂ-ਪੰਛੀ ਮੌਜੂਦ ਹਨ ਜਿਨ੍ਹਾਂ ਨਾਲ ਸਾਡਾ ਜੰਗਲੀ ਸੰਸਾਰ ਮਹਿਕਦਾ ਰਹਿੰਦਾ ਹੈ ਪ੍ਰੰਤੂ ਹਿਰਣਾਂ ਦੀ ਇਕ ਅਲੱਗ ਹੀ ਦੁਨੀਆ ਨਜ਼ਰ ਆਉਂਦੀ ਹੈ। ਇਹ ਇਕ ਅਜਿਹਾ ਸੁੰਦਰ ਜੰਗਲੀ ਜੀਵ ਹੈ ਜਿਸ ਦੀਆਂ ਪੂਰੇ ਸੰਸਾਰ ਵਿੱਚ 40 ਤੋਂ ਜ਼ਿਆਦਾ ਜਾਤੀਆਂ ਪਾਈਆਂ ਜਾਂਦੀਆਂ ਹਨ। ਇਹ ਸਾਰੀਆਂ ਜਾਤੀਆਂ ਆਪਸ ਵਿੱਚ ਥੋੜੀਆਂ ਬਹੁਤੀਆਂ ਭਿੰਨਤਾਵਾਂ ਵੀ ਰੱਖਦੀਆਂ ਹਨ। ਕੁਝ ਹਿਰਣ ਆਕਾਰ-ਪ੍ਰਕਾਰ ਵਿੱਚ ਛੋਟੇ ਹੁੰਦੇ ਹਨ ਤਾਂ ਕੁਝ ਲੰਮੇ ਚੌੜੇ ਉਚੇ ਸਰੀਰ ਵਾਲੇ। ਕੁਝ ਜਾਤੀਆਂ ਨੂੰ ਝੁੰਡ ਵਿੱਚ ਰਹਿਣਾ ਪਸੰਦ ਹੈ ਤਾਂ ਕੁਝ ਇਕਦਮ ਇੱਕਲੇ ਜੰਗਲਾਂ ਵਿੱਚ ਘੁੰਮਦੇ ਨਜ਼ਰ ਆਉਂਦੇ ਹਨ। ਹਿਰਣ ਇਕ ਅਜਿਹਾ ਜੰਗਲੀ ਪ੍ਰਾਣੀ ਹੈ ਜੋ ਸਾਰੇ ਸੰਸਾਰ ਵਿੱਚ ਮਿਲ ਜਾਂਦਾ ਹੈ। ਕੇਵਲ ਨਿਉਜ਼ੀਲੈਂਡ, ਆਸਟ੍ਰੇਲੀਆ, ਅਫਰੀਕਾ ਦੇ ਕੁਝ ਖੇਤਰਾਂ ਦੀ ਜਲਵਾਯੂ ਇਹਨਾਂ ਦੇ ਅਨੁਰੂਪ ਨਹੀਂ ਹੋਣ ਨਾਲ ਉਥੇ ਨਹੀਂ ਮਿਲਦੇ। ਯੂਰਪ, ਏਸ਼ੀਆ ਅਤੇ ਉਤਰੀ ਦੱਖਣੀ ਅਮਰੀਕਾ ਵਿੱਚ ਹਿਰਣ ਮਿਲ ਜਾਂਦੇ ਹਨ।

ਮ੍ਰਿਗ ਅਤੇ ਹਿਰਣ ਆਪਸ ਵਿੱਚ ਕਾਫੀ ਮਿਲਦੇ-ਜੁਲਦੇ ਹਨ ਪਰ ਦੋਵੇਂ ਅਲੱਗ-ਅਲੱਗ ਜੀਵ ਹਨ। ਆਮ ਤੌਰ ਤੇ ਕਨੇਡਾ ਵਿੱਚ ਮਿਲਣ ਵਾਲਾ ਹਿਰਣ 'ਮੂਸ' 2 ਮੀਟਰ ਤਕ ਉੱਚਾ ਅਤੇ 600 ਕਿਲੋਗ੍ਰਾਮ ਵਜਨ ਤਕ ਦਾ ਮਿਲ ਜਾਂਦਾ ਹੈ। 'ਪਿਸੂਰਾ' ਜਾਤੀ ਦਾ ਹਿਰਣ ਸ੍ਰੀਲੰਕਾ ਦੇ ਇਲਾਵਾ ਭਾਰਤ ਵਿੱਚ ਵੀ ਮਿਲ ਜਾਂਦਾ ਹੈ। ਇਹ ਹਿਰਣ ਸਾਰੀਆਂ ਜਾਤੀਆਂ ਦੇ ਹਿਰਣਾਂ ਵਿੱਚੋਂ ਛੋਟਾ ਮੰਨਿਆ ਗਿਆ ਹੈ। ਇਸਦੀ ਉਚਾਈ ਆਮ ਰੂਪ ਨਾਲ 25 ਤੋਂ 30 ਸੈਂਟੀਮੀਟਰ ਤਕ ਅਤੇ ਵਜਨ 8 ਤੋਂ ਲੈ ਕੇ 12 ਕਿਲੋਗ੍ਰਾਮ ਤਕ ਹੁੰਦਾ ਹੈ।

ਸਾਂਭਰ ਨਾਮ ਨਾਲ ਪ੍ਰਸਿੱਧ ਹਿਰਣ ਆਮਤੌਰ ਤੇ : 250 ਤੋਂ 300 ਕਿਲੋਗ੍ਰਾਮ ਵਜਨ ਤਕ ਅਤੇ 150 ਸੈਂਟੀਮੀਟਰ ਉਚਾ ਹੁੰਦਾ ਹੈ। ਵਿਭਿੰਨ ਪ੍ਰਜਾਤੀਆਂ ਵਿੱਚ ਹਿਰਣਾਂ ਦੇ ਸਿੰਗਾਂ ਦੀ ਲੰਬਾਈ ਅਤੇ ਆਕਾਰ-ਪ੍ਰਕਾਰ ਵੀ ਵੱਖ-ਵੱਖ ਹੁੰਦਾ ਹੈ। ਚੀਨ ਵਿੱਚ ਪਾਏ ਜਾਣ ਵਾਲੇ 'ਜਲ ਹਿਰਣ' ਅਤੇ 'ਕਸਤੂਰੀ ਹਿਰਣ' ਨੂੰ ਛੱਡ ਕੇ ਹਮੇਸ਼ਾ ਸਾਰੀਆਂ ਜਾਤੀਆਂ ਦੇ ਨਰ ਹਿਰਣਾਂ ਵਿੱਚ ਸਿਰ ਤੇ ਸਿੰਗ ਮਿਲ ਜਾਂਦੇ ਹਨ। ਚੀਤਲ ਨਾਮ ਦਾ ਹਿਰਣ ਸਭ ਤੋਂ ਸੁੰਦਰ ਹਿਰਣ ਹੈ। ਇਸ ਤਰ੍ਹਾਂ ਕਕੜ ਨਾਮ ਦਾ ਹਿਰਣ ਕੁੱਤਿਆਂ ਵਰਗੀ ਆਵਾਜ਼ ਕੱਢਦਾ ਹੈ। ਅੰਗ੍ਰੇਜ਼ੀ ਵਿੱਚ ਇਹਨੂੰ 'ਬਾਰਕਿੰਗ ਡੀਅਰ' ਕਹਿੰਦੇ ਹਨ। ਬਾਰਾਸਿੰਗਾ ਹਿਰਣਾਂ ਦੀ ਗਿਣਤੀ ਕਾਫੀ ਤੇਜ਼ੀ ਨਾਲ ਘੱਟ ਹੋਈ ਹੈ। ਮਣੀਪੁਰੀ ਹਿਰਣ ਵੀ ਘੱਟ ਹੋਏ ਹਨ। ਇਹਨੂੰ 'ਡਾਂਸਿੰਗ ਡੀਅਰ' ਵੀ ਕਹਿੰਦੇ ਹਨ। ਕੁਝ ਲੋਕ ਇਹਨੂੰ 'ਸੰਗਾਈ ਹਿਰਣ' ਵੀ ਕਹਿੰਦੇ ਹਨ। ਕਸ਼ਮੀਰ ਵਿਚ ਮਿਲਣ ਵਾਲੇ ਹੰਗੁਲ ਹਿਰਣ ਵੀ ਨਿਰੰਤਰ ਗਿਣਤੀ ਵਿਚ ਘੱਟ ਹੋਏ ਹਨ।

ਸੰਗਾਈ ਹਿਰਣ ਵਿਚ ਨਰ ਦਾ ਰੰਗ ਕੁਝ ਗਹਿਰਾ ਭੂਰਾ ਜਦਕਿ ਮਾਦਾ ਹਿਰਣ ਵਿੱਚ ਰੰਗ ਹਲਕੇ ਭੂਰੇ ਦੇ ਨਾਲ ਕੁਝ-ਕੁਝ ਪੀਲਾ ਹੁੰਦਾ ਹੈ। ਇਸ ਦੀ ਪੂਛ ਬਹੁਤ ਛੋਟੀ ਅਤੇ ਸਿੰਗ ਬਹੁਤ ਸੁੰਦਰ ਹੁੰਦੇ ਹਨ। ਹਰ ਸਾਲ ਇਹ ਸਿੰਗ ਝੜ ਜਾਂਦੇ ਹਨ। ਬਾਦ ਵਿੱਚ ਫਿਰ ਵਿਕਸਿਤ ਹੋ ਜਾਂਦੇ ਹਨ। ਇਹ ਜਦ ਪਾਣੀ ਪੀਂਦਾ ਹੈ ਤਾਂ ਆਪਣੀਆਂ ਲੱਤਾਂ ਨੂੰ ਇਸ ਪ੍ਰਕਾਰ ਚੁਕਦਾ, ਗਿਰਾਉਂਦਾ ਹੈ ਜਿਸ ਨਾਲ ਇਹ ਲੱਗਦਾ ਹੈ ਜਿਵੇਂ ਇਹ ਡਾਂਸ ਕਰ ਰਿਹਾ ਹੋਵੇ।

ਹਿਰਣਾਂ ਦੀਆਂ ਵਿਭਿੰਨ ਜਾਤੀਆਂ ਨੂੰ ਸੁਰੱਖਿਅਤ ਕਰਨ ਦੀ ਬਹੁਤ ਲੋੜ ਹੈ। ਅੱਜ ਕਲ ਚਿੜੀਆਘਰਾਂ ਵਿੱਚ ਜਾਂ ਕੁਝ ਨੈਸ਼ਨਲ ਪਾਰਕਾਂ ਵਿੱਚ ਹੀ ਹਿਰਣ ਦਿਖਾਈ ਦਿੰਦੇ ਹਨ। ਸਾਨੂੰ ਇਸ ਖੂਬਸੂਰਤ ਜੰਗਲੀ ਪ੍ਰਾਣੀ ਨੂੰ ਬਚਾਉਣ ਲਈ ਹਰ ਸੰਭਵ ਯਤਨ ਕਰਨੇ ਚਾਹੀਦੇ ਹਨ।

ਬਾਲ ਕਹਾਣੀ : ਗੋਬਿੰਦ ਭਾਰਦਵਾਜ

# ਇਮਲੀ ਦਾ ਰੁੱਖ

ਕਾਮਰੂਪ ਦੇ ਜੰਗਲ ਵਿੱਚ ਇਕ ਵਿਸ਼ਾਲ ਇਮਲੀ ਦਾ ਰੁੱਖ ਸੀ। ਉਸ ਰੁੱਖ ਤੇ ਬਹੁਤ ਸਾਰੇ ਪੰਛੀਆਂ ਅਤੇ ਜੀਵ-ਜੰਤੂਆਂ ਨੇ ਆਪਣਾ ਘਰ ਬਣਾ ਰੱਖਿਆ ਸੀ। ਇਮਲੀ ਦੇ ਰੁੱਖ ਅਤੇ ਉਸ ਤੇ ਰਹਿਣ ਵਾਲੇ ਜੀਵ-ਜੰਤੂਆਂ ਵਿੱਚ ਬੜਾ ਪ੍ਰੇਮ ਸੀ। ਪ੍ਰੰਤੂ ਕਦੇ-ਕਦੇ ਇਮਲੀ ਦਾ ਰੁੱਖ ਘਮੰਡ ਭਰੀਆਂ ਗੱਲਾਂ ਕਰਦਾ ਸੀ, ਜਿਸ ਕਰਕੇ ਸਾਰੇ ਉਸ ਨੂੰ ਘਮੰਡੀ ਦਾਦਾ ਕਹਿ ਕੇ ਬੁਲਾਉਂਦੇ ਸਨ।

ਇਕ ਵਾਰ ਵਰਖਾ ਰੁੱਤ ਵਿੱਚ ਬਹੁਤ ਤੂਫਾਨ ਆਇਆ। ਜੰਗਲ ਵਿੱਚ ਸੈਂਕੜੇ ਰੁੱਖ ਨਸ਼ਟ ਹੋ ਗਏ ਪ੍ਰੰਤੂ ਇਮਲੀ ਦਾ ਰੁੱਖ ਸੁਰੱਖਿਅਤ ਰਹਿ ਗਿਆ। ਸਾਰੇ ਪੰਛੀ ਅਤੇ ਜੀਵ-ਜੰਤੂ ਈਸ਼ਵਰ ਨੂੰ ਧੰਨਵਾਦ ਦੇ ਰਹੇ ਸਨ। ਇਹ ਗੱਲ ਰੁੱਖ ਨੇ ਸੁਣ ਲਈ। ਉਹ ਘਮੰਡ ਵਿੱਚ ਸਿਰ ਉਠਾ ਕੇ ਬੋਲਿਆ – ਤੁਸੀਂ ਸਾਰੇ ਮੈਨੂੰ ਧੰਨਵਾਦ ਦੇਣ ਦੀ ਬਜਾਏ ਈਸ਼ਵਰ ਨੂੰ ਕਿਉਂ ਧੰਨਵਾਦ ਦੇ ਰਹੇ ਹੋ? ਤੁਹਾਡੇ ਪ੍ਰਾਣ ਤਾਂ ਮੈਂ ਬਚਾਏ ਹਨ। ਮੇਰੀ ਤਾਕਤ ਦੇ ਕਾਰਣ ਹੀ ਮੈਂ ਬਿਲਕੁਲ ਮਜ਼ਬੂਤ ਸਥਿਤੀ ਵਿੱਚ ਖੜਾ ਹਾਂ।

ਉਸ ਦੀਆਂ ਗੱਲਾਂ ਸੁਣ ਕੇ ਇਕ ਗਲਿਹਰੀ ਫੁਦਕਦੀ ਹੋਈ ਆਈ ਅਤੇ ਬੋਲੀ-ਰੁੱਖ ਭਾਈ, ਤੂੰ ਵੀ ਉਸ ਈਸ਼ਵਰ ਨੂੰ ਹੀ ਧੰਨਵਾਦ ਦੇ ਜਿਸ ਨੂੰ ਅਸੀਂ ਸਾਰੇ ਦੇ ਰਹੇ ਹਾਂ। ਕੁਦਰਤ ਅਤੇ ਸ੍ਰਿਸ਼ਟੀ ਨੂੰ ਚਲਾਉਣ ਵਾਲੀ ਉਹੀ ਇਕ ਮਾਤਰ ਤਾਕਤ ਹੈ। ਤੂੰ ਆਪਣੇ ਚਾਰੇ ਪਾਸੇ ਵੇਖ ਤੇਰੇ ਵਰਗੇ ਕਿੰਨੇ ਹੀ ਰੁੱਖ ਨਸ਼ਟ ਹੋ ਗਏ ਹਨ।

ਹਾਂ, ਹਾਂ.. ਗਲਿਹਰੀ ਦੀਦੀ ਬਿਲਕੁਲ ਹੀ ਠੀਕ ਕਹਿ ਰਹੀ ਹੈ, ਰੁੱਖ ਦਾਦਾ – ਕੋਇਲ ਨੇ ਮਿੱਠੀ ਬਾਣੀ ਵਿੱਚ ਕਿਹਾ।

– ਤੁਸੀਂ ਸਾਰੇ ਚੁੱਪ ਰਹੋ। ਜਿਸ ਥਾਲੀ ਵਿੱਚ ਖਾਂਦੇ ਹੋ ਉਸੇ ਥਾਲੀ ਵਿੱਚ ਛੇਕ ਕਰਦੇ ਹੋ। ਇਹ ਸਭ ਕੁਝ ਮੇਰੀਆਂ ਮਜ਼ਬੂਤ ਜੜ੍ਹਾਂ ਅਤੇ ਸ਼ਕਤੀਸ਼ਾਲੀ ਟਹਿਣੀਆਂ ਅਤੇ ਤਨੇ ਦੇ ਕਾਰਣ ਹੋਇਆ ਹੈ। – ਇਮਲੀ ਦੇ ਰੁੱਖ ਨੇ ਗੁੱਸੇ ਨਾਲ ਗਲਿਹਰੀ ਅਤੇ ਕੋਇਲ ਵੱਲ ਇਸ਼ਾਰਾ ਕਰਦੇ ਹੋਏ ਕਿਹਾ।

– ਰੁੱਖ ਦਾਦਾ ! ਕਹਾਵਤ ਤਾਂ ਸਹੀ ਬੋਲਿਆ ਕਰੋ। ਥਾਲੀ ਵਾਲੀ ਕਹਾਵਤ ਇਥੇ ਠੀਕ ਨਹੀਂ ਬੈਠਦੀ। ਆਪ ਨੂੰ ਕਹਿਣਾ ਚਾਹੀਦਾ ਹੈ ਕਿ ''ਮੇਰਾ ਖਾਉ ਅਤੇ ਦੂਸਰੇ ਦੇ ਗੁਣ ਗਾਉ।'' ਨੰਨੀ ਚਿੜੀ ਨੇ ਵਿਚੋਂ ਟੋਕ ਦਿਤਾ।



ਸਾਰਿਆਂ ਦੀ ਗੱਲ ਸੁਣ ਕੇ ਤੋਤਾ ਆਇਆ ਅਤੇ ਇਮਲੀ ਦੇ ਰੁੱਖ ਨੂੰ ਸਮਝਾਉਂਦੇ ਹੋਏ ਬੋਲਿਆ– ਰੁੱਖ ਦਾਦਾ, ਘਮੰਡ ਦੀ ਗੱਲ ਨਾ ਕਰੋ। ਗਲਿਹਰੀ ਅਤੇ ਕੋਇਲ ਠੀਕ ਕਹਿ ਰਹੀਆਂ ਹਨ। ਆਪ ਨੂੰ ਈਸ਼ਵਰ ਦੀ ਸ਼ਕਤੀ ਦੇ ਸਾਹਮਣੇ ਝੁਕ ਜਾਣਾ ਚਾਹੀਦਾ ਹੈ। ਇਹ ਤੂਫ਼ਾਨ ਵੀ ਤਾਂ ਉਹਨਾਂ ਦਾ ਭੇਜਿਆ ਹੋਇਆ ਸੀ। ਤੋਤੇ ਦੀ ਗੱਲ ਤੇ ਇਮਲੀ ਦੇ

ਰੁੱਖ ਨੂੰ ਹੋਰ ਕ੍ਰੋਧ ਆ ਗਿਆ। ਉਹ ਚੀਕਦਾ ਹੋਇਆ ਬੋਲਿਆ – ਸਭ ਨਿਕਲ ਜਾਓ ਮੇਰੇ ਘਰ ਵਿਚੋਂ। ਮੈਂ ਤੁਹਾਡੇ ਵਰਗੇ ਕ੍ਰਿਤਘਣ ਦੋਸਤਾਂ ਨੂੰ ਨਹੀਂ ਰੱਖਣਾ।

– ਨਹੀਂ... ਨਹੀਂ... ਰੁੱਖ ਦਾਦਾ। ਮੈਨੂੰ ਨਾ ਕੱਢੋ। ਮੈਂ ਕਹਿੰਦਾ ਹਾਂ ਕਿ ਤੁਸੀਂ ਹੀ ਸ਼ਕਤੀਸ਼ਾਲੀ ਹੋ। ਤੁਸੀਂ ਆਪਣੀ ਸ਼ਕਤੀ ਦੇ ਜ਼ੋਰ ਤੇ ਸੁਰੱਖਿਅਤ ਬਚੇ ਹੋ। ਤੁਸੀਂ ਸਾਰੇ ਰੁੱਖਾਂ ਵਿਚੋਂ ਮਹਾਨ ਹੋ। – ਕਾਂ ਨੇ ਕਾਂ-ਕਾਂ ਕਰਦੇ ਹੋਏ ਕਿਹਾ।

ਖੁਦਦਾਰ ਪੰਛੀ ਇਮਲੀ ਦੇ ਰੁੱਖ ਤੋਂ ਨਾਰਾਜ਼ ਹੋ ਕੇ ਉਥੋਂ ਚਲੇ ਗਏ। ਰੁੱਖ ਬਿਲਕੁਲ ਸੁਨਸਾਨ ਹੋ ਗਿਆ। ਕੇਵਲ ਕਾਂ ਹੀ ਉਥੇ ਠਹਿਰਿਆ ਹੋਇਆ ਸੀ। ਉਸ ਦੇ ਮਨ ਵਿੱਚ ਲਾਲਚ ਸੀ ਕਿ ਵਰਖਾ ਰੁੱਤ ਵਿੱਚ ਕੌਣ ਆਪਣਾ ਆਲ੍ਹਣਾ ਬਣਾਏਗਾ। ਇਥੇ ਤਾਂ ਸਾਰਿਆਂ ਦੇ ਆਲ੍ਹਣੇ ਉਸ ਨੂੰ ਖਾਲੀ ਮਿਲ ਗਏ ਸਨ।


ਅਚਾਨਕ ਇਕ ਦਿਨ ਜ਼ੋਰਦਾਰ ਭੁਚਾਲ ਆਇਆ। ਪ੍ਰਿਥਵੀ ਕੰਬਣ ਲੱਗੀ। ਜੰਗਲ ਥਰਥਰਾਉਣ ਲੱਗਾ। ਸਾਰੇ ਰੁੱਖ ਹਿਲ ਰਹੇ ਸਨ, ਇਮਲੀ ਦਾ ਰੁੱਖ ਚਰਮਰਾਉਂਦਾ ਹੋਇਆ ਧੜਾਮ ਕਰਕੇ ਜ਼ਮੀਨ ਤੇ ਡਿਗ ਪਿਆ। ਕਾਂ ਵੀ ਉਸਦੇ ਹੇਠਾਂ ਦੱਬ ਕੇ ਮਰ ਗਿਆ। ਇਮਲੀ ਦਾ ਰੁੱਖ ਚਿਲਾ ਰਿਹਾ ਸੀ। ''ਕੋਈ ਮੈਨੂੰ ਬਚਾਉ, ਮੈਨੂੰ ਖੜ੍ਹਾ ਕਰੋ।'' ਉਸ ਦੀ ਆਵਾਜ਼ ਆਸਮਾਨ ਵਿੱਚ ਉਡਦੇ ਹੋਏ ਉਨ੍ਹਾਂ ਪੰਛੀਆਂ ਨੇ ਸੁਣ ਲਈ। ਉਧਰ ਗਲਿਹਰੀ ਵੀ ਗਿਟਰ-ਗਿਟਰ ਕਰਦੀ ਪਹੁੰਚ ਗਈ। ਘਮੰਡੀ ਦਾਦਾ ਨੂੰ ਜ਼ਮੀਨ ਤੇ ਪਿਆ ਵੇਖ ਕੇ ਸਾਰੇ ਹੈਰਾਨ ਸਨ।

ਗਲਿਹਰੀ ਬੋਲੀ – ਐਨੀਆਂ ਸ਼ਕਤੀਸ਼ਾਲੀ ਮਜ਼ਬੂਤ ਜੜ੍ਹਾਂ ਅਤੇ ਸ਼ਕਤੀਸ਼ਾਲੀ ਬਾਹਾਂ ਵਾਲਾ ਰੁੱਖ ਅੱਜ ਧੂੜ ਕਿਉਂ ਚੱਟ ਰਿਹਾ ਹੈ?

– ਤੁਸੀਂ ਕਿਵੇਂ ਬਚ ਗਏ ਸਾਰੇ ਦੇ ਸਾਰੇ? – ਜ਼ਖਮੀ ਰੁੱਖ ਬੋਲਿਆ।

ਕੋਇਲ ਬੋਲੀ – ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਈਸ਼ਵਰ ਨੇ ਸਾਨੂੰ ਉਹ ਸ਼ਕਤੀ ਦਿੱਤੀ ਹੈ ਜਿਸ ਨਾਲ ਸਾਨੂੰ





ਭੁਚਾਲ ਆਉਣ ਦੀ ਸੂਚਨਾ ਪਹਿਲਾਂ ਮਿਲ ਜਾਂਦੀ ਹੈ। ਸਾਨੂੰ ਪਤਾ ਸੀ ਭੁਚਾਲ ਆਉਣ ਵਾਲਾ ਹੈ ਇਸ ਲਈ ਅਸੀਂ ਸਾਰੇ ਆਸਮਾਨ ਵਿੱਚ ਗਲਿਹਰੀ ਭੈਣ ਨੂੰ ਲੈ ਕੇ ਉਡ ਰਹੇ ਸੀ।

ਤੋਤਾ ਬੋਲਿਆ– ਰੁੱਖ ਦਾਦਾ ! ਅਗਰ ਤੁਹਾਡੇ ਵਿੱਚ ਤਾਕਤ ਹੈ ਤਾਂ ਭੁਚਾਲ ਦਾ ਮੁਕਾਬਲਾ ਕਿਉਂ ਨਹੀਂ ਕੀਤਾ? ਇਹ ਦਸ਼ਾ ਤੁਹਾਡੇ ਘਮੰਡੀ ਸੁਭਾਅ ਦੇ ਕਾਰਣ ਹੋਈ ਹੈ।

– ਹੁਣ ਤਾਂ ਜਲੀਆਂ-ਕਟੀਆਂ ਗੱਲਾਂ ਨਾ ਕਰੋ। ਮੇਰੇ ਪ੍ਰਾਣ ਨਿਕਲ ਰਹੇ ਹਨ। – ਇਮਲੀ ਦਾ ਰੁੱਖ ਰੋਂਦਾ ਹੋਇਆ ਬੋਲਿਆ। ਉਥੇ ਹਾਜ਼ਿਰ ਸਾਰੇ ਪੰਛੀਆਂ ਅਤੇ ਜੀਵ-ਜੰਤੂਆਂ ਨੂੰ ਉਸ ਤੇ ਦਯਾ ਆ ਰਹੀ ਸੀ। ਉਹਨਾਂ ਨੂੰ ਲਗ ਰਿਹਾ ਸੀ ਕਿ ਇਮਲੀ ਦੇ ਰੁੱਖ ਦਾ ਘਮੰਡ ਟੁੱਟ ਗਿਆ ਹੈ।

ਗਲਿਹਰੀ ਬੋਲੀ – ਰੁੱਖ ਭਾਈ, ਤੂੰ ਮੰਨ ਗਿਆ ਨਾ ਕਿ ਈਸ਼ਵਰ ਦੀ ਸ਼ਕਤੀ ਦੇ ਸਾਹਮਣੇ ਸਾਰੇ ਕਮਜ਼ੋਰ ਹਨ। ਅਸੀਂ ਤੈਨੂੰ ਬਚਾ ਤਾਂ ਨਹੀਂ ਸਕਦੇ ਪ੍ਰੰਤੂ ਤੇਰਾ ਵੰਸ਼ ਜ਼ਰੂਰ ਚਲਾ ਲਵਾਂਗੇ।

– ਹਾਂ...ਹਾਂ ਗਲਿਹਰੀ ਭੈਣ ਠੀਕ ਕਹਿ ਰਹੀ ਹੈ। ਹੁਣੇ ਤੁਹਾਡੇ ਫਲ ਵਿਚੋਂ ਬੀਜ ਕੱਢ ਲੈਂਦਾ ਹਾਂ ਅਤੇ ਇਥੇ ਹੀ ਉਹਨਾਂ ਨੂੰ ਬੀਜ਼ ਦਿੰਦਾ ਹਾਂ। ਕੁਝ ਦਿਨਾਂ ਬਾਦ ਹੀ ਤੁਹਾਡੇ ਵੰਸ਼ ਦੇ ਰੂਪ ਵਿੱਚ ਨੰਨਾ ਪੌਦਾ ਉਗ ਆਏਗਾ ਅਤੇ ਇਕ ਦਿਨ ਤੁਹਾਡੇ ਵਰਗਾ ਵਿਸ਼ਾਲ ਰੁੱਖ ਬਣ ਜਾਏਗਾ। – ਤੋਤਾ ਬੋਲਿਆ।

ਮਰ ਰਹੇ ਰੁੱਖ ਨੇ ਈਸ਼ਵਰ ਤੋਂ ਮਾਫ਼ੀ ਮੰਗੀ ਅਤੇ ਸਾਰਿਆਂ ਦੇ ਸਾਹਮਣੇ ਹੱਥ ਜੋੜ ਕੇ ਹੰਝੂ ਵਹਾਉਣ ਲੱਗਾ। ਉਹ ਪਛਤਾਵੇ ਦੇ ਹੰਝੂ ਸਨ। ਥੋੜੀ ਹੀ ਦੇਰ ਵਿੱਚ ਉਸ ਦੇ ਪ੍ਰਾਣ-ਪੰਖੇਰੂ ਉਡ ਗਏ।

# ਕਦੇ ਨਾ ਭੁੱਲੋ

* ਸਾਡਾ ਹਰ ਸਵਾਸ ਨਿਰੰਕਾਰ-ਪ੍ਰਭੂ ਵੱਲੋਂ ਦਿਤਾ ਗਿਆ ਇੱਕ ਤੋਹਫ਼ਾ ਹੈ।

(ਸਤਿਗੁਰੂ ਮਾਤਾ ਸੁਦਿਕਸ਼ਾ ਜੀ ਮਹਾਰਾਜ)

* ਦੂਸਰਿਆਂ ਨੂੰ ਸਿਖਿਆ ਦੇਣ ਤੋਂ ਪਹਿਲਾਂ ਆਪਣੇ ਆਪ ਨੂੰ ਸੁਧਾਰੀਏ।

(ਮਾਤਾ ਸਵਿੰਦਰ ਹਰਦੇਵ ਜੀ)

* ਸੰਤੋਖ ਤੋਂ ਮਿੱਠੀ ਸੰਸਾਰ ਵਿੱਚ ਕੋਈ ਵਸਤੂ ਨਹੀਂ।
* ਸਾਹਸ ਇਕ ਸਮੁੰਦਰ ਹੈ ਜੋ ਸਫਲਤਾ ਨੂੰ ਸਿੰਜਦਾ ਹੈ।

- ਪ੍ਰੇਮਚੰਦ

* ਸਿਖਿਆ ਮਾਨਵ ਅਤੇ ਸਮਾਜ ਦਾ ਸਭ ਤੋਂ ਵੱਡਾ ਆਧਾਰ ਹੈ।

- ਡਾ: ਰਾਧਾ ਕ੍ਰਿਸ਼ਨਣ

* ਪੱਖਪਾਤ ਸਾਰੀਆਂ ਬੁਰਾਈਆਂ ਦੀ ਜੜ੍ਹ ਹੈ।

- ਸਵਾਮੀ ਵਿਵੇਕਾਨੰਦ

* ਟਾਲ-ਮਟੋਲ ਕਰਨ ਵਾਲਾ ਵਿਅਕਤੀ ਸਦਾ ਬਦਕਿਸਮਤੀ ਨਾਲ ਭਿੜਦਾ ਰਹਿੰਦਾ ਹੈ।
* ਜੋ ਜਾਣ ਗਿਆ ਕਿ ਉਸ ਤੋਂ ਭੁੱਲ ਹੋ ਗਈ ਹੈ ਅਤੇ ਉਸ ਦਾ ਸੁਧਾਰ ਨਹੀਂ ਕਰ ਰਿਹਾ ਤਾਂ ਇਕ ਹੋਰ ਭੁੱਲ ਹੋ ਰਹੀ ਹੈ।

- ਕੰਨਫਿਊਸ਼ੀਯਸ

* ਝਗੜੇ ਤੋਂ ਬਚਣਾ ਉਚਿਤ ਹੈ। ਅਗਰ ਉਸ ਵਿੱਚ ਉਲਝ ਗਏ ਤਾਂ ਵੈਰੀ ਨੂੰ ਆਪਣਾ ਤੇਜ਼, ਜ਼ੋਰ ਅਤੇ ਮਰਦਾਨਗੀ ਦਿਖਾ ਦਿਉ।

- ਸ਼ੈਕਸਪੀਅਰ

* ਅਹਿਮੀਅਤ ਇਸ ਗੱਲ ਦੀ ਨਹੀਂ ਕਿ ਅਸੀਂ ਜੀਏਂ ਬਲਕਿ ਇਸ ਗੱਲ ਦੀ ਹੈ ਕਿ ਅਸੀਂ ਕਿਵੇਂ ਜੀਏਂ।
* ਅਕਲਮੰਦ ਆਦਮੀ ਬੋਲਣ ਤੋਂ ਪਹਿਲਾਂ ਸੋਚਦਾ ਹੈ, ਬੇਵਕੂਫ ਬੋਲ ਲੈਂਦਾ ਹੈ ਅਤੇ ਤਦ ਸੋਚਦਾ ਹੈ ਕਿ ਉਹ ਕੀ ਕਹਿ ਗਿਆ?

- ਰਸਕਿਨ

* ਵਿਦਿਆ ਸਭ ਤੋਂ ਅਨਮੋਲ ਧਨ ਹੈ। ਇਸ ਦੇ ਆਉਣ ਨਾਲ ਸਿਰਫ ਆਪਣਾ ਹੀ ਨਹੀਂ ਬਲਕਿ ਪੂਰੇ ਸਮਾਜ ਦਾ ਕਲਿਆਣ ਹੁੰਦਾ ਹੈ।

- ਈਸ਼ਵਰਚੰਦਰ ਵਿਦਿਆਸਾਗਰ

* ਅਗਰ ਆਤਮ-ਸਨਮਾਨ ਚਾਹੁੰਦੇ ਹੋ ਤਾਂ ਦੂਸਰਿਆਂ ਦਾ ਸਨਮਾਨ ਕਰੋ।
* ਜਦ ਕਦੇ ਮੈਨੂੰ ਅਵਗੁਣ ਵੇਖਣ ਦੀ ਇੱਛਾ ਹੁੰਦੀ ਹੈ ਤਾਂ ਮੈਂ ਆਪਣੇ ਤੋਂ ਸ਼ੁਰੂ ਕਰਦਾ ਹਾਂ ਅਤੇ ਇਸ ਤੋਂ ਅਗੇ ਵਧ ਨਹੀਂ ਸਕਦਾ।

- ਡੇਵਿਡ ਗ੍ਰੇਸਨ

❑ ਸੰਗ੍ਰਹਿ ਕਰਤਾ : ਡਿੰਪਲਜੀਤ ਰੰਧਾਵਾ



# ਭਾਰਤ ਵਿੱਚ ਪਹਿਲੇ

❑ ਪੇਸ਼ਕਸ਼ : ਓਮ ਸਿੰਘ

| | |
|---|---|
| - ਪਹਿਲੇ ਬ੍ਰਿਟਿਸ਼ ਗਵਰਨਰ ਜਨਰਲ | - ਵਾਰੇਨ ਹੇਸਟਿੰਗਸ |
| - ਅਜ਼ਾਦ ਭਾਰਤ ਦੇ ਪਹਿਲੇ ਗਵਰਨਰ | - ਲਾਰਡ ਮਾਊਂਟਬੇਟਨ |
| - ਭਾਰਤ ਦੇ ਪਹਿਲੇ ਮੁਖ ਜੱਜ | - ਹੀਰਾਲਾਲ ਜੇ. ਕਾਨਿਆ |
| - ਆਜ਼ਾਦ ਭਾਰਤ ਦੇ ਪਹਿਲੇ ਕਮਾਂਡਰ ਇਨਚੀਫ | - ਜਨਰਲ ਸਰ ਰਾਇ ਬੁਚਰ |
| - ਪਹਿਲੇ ਭਾਰਤੀ ਥਲਸੈਨਾ ਦੇ ਸੈਨਾਪਤੀ | - ਕੇ.ਐਮ. ਕਰਿਅੱਪਾ |
| - ਪਹਿਲੇ ਹਵਾਈ ਸੈਨਾਧਿਅਕਸ਼ | - ਏਅਰ ਮਾਰਸ਼ਲ ਥਾਮਸ ਏਲਮਹਰਸਟ |
| - ਪਹਿਲੇ ਨੌਸੈਨਾਧਿਅਕਸ਼ | - ਵਾਈਸ ਏਡਮਿਰਲ ਆਰ.ਡੀ. ਕਟਾਰੀਆ |
| - ਪਹਿਲੇ ਭਾਰਤੀ ਅੰਤਰਿਕਸ਼ ਯਾਤਰੀ | - ਸਕਵਾਡਰਨ ਲੀਡਰ ਰਾਕੇਸ਼ ਸ਼ਰਮਾ |
| - ਪਹਿਲੀ ਮਹਿਲਾ ਬੈਰਿਸਟਰ | - ਕੋਰਨੇਲਿਆ ਸੋਰਾਬਜੀ |
| - ਪਹਿਲੀ ਮਹਿਲਾ ਡਾਕਟਰ | - ਡਾ: ਕਾਦਮਿਬਨੀ ਗਾਂਗੁਲੀ |
| - ਭਾਰਤੀ ਸੰਘ ਦੇ ਪਹਿਲੇ ਗਵਰਨਰ ਜਨਰਲ | - ਸੀ. ਰਾਜਗੋਪਾਲਾਚਾਰੀ |
| - ਆਕਸਰ ਪ੍ਰਾਪਤ ਪਹਿਲਾ ਭਾਰਤੀ | - ਭਾਨੁ ਅਥੈਯਾ |
| - ਦੱਖਣੀ ਧਰੁਵ ਤੇ ਪਹੁੰਚਣ ਵਾਲੇ ਪਹਿਲੇ ਭਾਰਤੀ | - ਕਰਨਲ ਜਤਿੰਦਰ ਕੁਮਾਰ ਬਜਾਜ |
| - ਓਲਿੰਪਕ ਵਿੱਚ ਪਦਕ ਜਿੱਤਣ ਵਾਲੇ ਪਹਿਲੇ ਭਾਰਤੀ | - ਨਾਰਮਨ ਪ੍ਰਿਚਾਰਡ |
| - ਪਹਿਲੇ ਭਾਰਤੀ ਆਈ.ਸੀ.ਐਸ. ਅਧਿਕਾਰੀ | - ਸਤਯੇਇੰਦਰਨਾਥ ਟੈਗੋਰ |
| - ਇੰਗਲਿਸ਼ ਚੈਨਲ ਨੂੰ ਤੈਰ ਕੇ ਪਾਰ ਕਰਨ ਵਾਲੇ ਪਹਿਲੇ ਭਾਰਤੀ | - ਮਿਹਿਰ ਸੈਨ |
| - ਇੰਗਲਿਸ਼ ਚੈਨਲ ਨੂੰ ਤੈਰ ਕੇ ਪਾਰ ਕਰਨ ਵਾਲੀ ਪਹਿਲੀ ਭਾਰਤੀ ਮਹਿਲਾ | - ਆਰਤੀ ਸਾਹਾ |
| - ਪਹਿਲਾ ਮੈਂਗਸੇਸੇ ਅਵਾਰਡ ਪੁਰਸਕਾਰ ਵਿਜੇਤਾ | - ਆਚਾਰੀਯ ਵਿਨੋਬਾ ਭਾਵੇ |
| - ਭਾਰਤੀ ਰਾਸ਼ਟਰੀ ਕਾਂਗਰਸ ਦੇ ਪਹਿਲੇ ਭਾਰਤੀ | - ਡਬਲਯੂ.ਸੀ. ਬੈਨਰਜੀ |
| - ਪਹਿਲੇ ਨੋਬਲ ਪੁਰਸਕਾਰ ਵਿਜੇਤਾ | - ਰਜਿੰਦਰ ਪ੍ਰਸਾਦ |
| - ਭਾਰਤ ਦੇ ਪਹਿਲੇ ਪ੍ਰਧਾਨਮੰਤਰੀ | - ਜਵਾਹਰਲਾਲ ਨਹਿਰੂ |
| - ਭਾਰਤ ਦੇ ਪਹਿਲੇ ਉਪ ਪ੍ਰਧਾਨਮੰਤਰੀ | - ਸਰਦਾਰ ਵਲੱਭਭਾਈ ਪਟੇਲ |
| - ਪਹਿਲੀ ਭਾਰਤੀ ਬੋਲਦੀ ਫਿਲਮ | - ਆਲਮਆਰਾ |
| - ਭਾਰਤੀ ਰਾਸ਼ਟਰੀ ਕਾਂਗਰਸ ਦੀ ਪਹਿਲੀ ਮਹਿਲਾ ਅਧਿਅਕਸ਼ | - ਏਨੀ ਬੇਸੇਂਟ |
| - ਪਹਿਲੀ ਮਹਿਲਾ ਮੰਤਰੀ | - ਰਾਜਕੁਮਾਰੀ ਅੰਮ੍ਰਿਤ ਕੌਰ |



❑ ਦਰਸ਼ਨ ਸਿੰਘ 'ਆਸ਼ਟ'

# ਸੁਨੇਹਾ ਦੀਵਾਲੀ ਦਾ

ਦੀਵਾਲੀ ਨੇੜੇ ਆ ਰਹੀ ਸੀ। ਮਨਦੀਪ ਦਾ ਚਾਅ ਵਧਦਾ ਜਾ ਰਿਹਾ ਸੀ। ਉਹ ਸੋਚ ਰਿਹਾ ਸੀ ਕਿ ਉਹ ਇਸ ਵਾਰੀ ਇੰਨੀ ਆਤਿਸ਼ਬਾਜੀ ਚਲਾਏਗਾ ਕਿ ਉਸ ਦੇ ਦੋਸਤ ਮੂੰਹ ਵਿੱਚ ਉਂਗਲਾ ਪਾ ਕੇ ਰਹਿ ਜਾਣਗੇ। ਉਹ ਦੋਸਤਾਂ ਨੂੰ ਬੰਬ ਪਟਾਕਿਆਂ ਦੀਆਂ ਕਿਸਮਾਂ ਗਿਣਾਉਣ ਲੱਗਦਾ, ਅਨਾਰ, ਹਵਾਈਆਂ, ਮੁਰਗਾ ਬੰਬ, ਆਲੂ ਬੰਬ, ਫੁਲਝੜੀਆਂ, ਡੱਬਾ ਬੰਬ, ਰੇਲਾਂ, ਚੱਕਰੀਆਂ.....।

ਮਨਦੀਪ ਨੇ ਪਿਛਲੇ ਸਾਲ ਵੀ ਬੜੀ ਆਤਿਸ਼ਬਾਜੀ ਚਲਾਈ ਸੀ। ਮਾਪਿਆਂ ਦਾ ਇਕਲੌਤਾ ਪੁੱਤ ਹੋਣ ਕਾਰਨ ਉਹ ਆਪਣੀ ਹਰ ਇੱਛਾ ਮੰਨਵਾ ਲੈਂਦਾ ਸੀ।

ਮਨਦੀਪ ਦਾ ਗੂੜ੍ਹਾ ਦੋਸਤ ਸੀ ਰਮਣੀਕ। ਰਮਣੀਕ ਦਾ ਘਰ ਮਨਦੀਪ ਤੋਂ ਦੂਰ ਸੀ ਪ੍ਰੰਤੂ ਉਹ ਜਮਾਤ ਵਿੱਚ ਬਹਿੰਦੇ ਇਕੱਠੇ ਹੀ ਸਨ। ਕਈ ਦਿਨਾਂ ਤੋਂ ਰਮਣੀਕ ਸਕੂਲ ਨਹੀਂ ਸੀ ਆ ਰਿਹਾ। ਮਨਦੀਪ ਨੂੰ ਪਤਾ ਸੀ ਕਿ ਰਮਣੀਕ ਦੇ ਪਾਪਾ ਬਿਮਾਰ ਰਹਿੰਦੇ ਹਨ ਪਰ ਇਹ ਨਹੀਂ ਸੀ ਪਤਾ ਕਿ ਉਹਨਾਂ ਨੂੰ ਕੀ ਬੀਮਾਰੀ ਸੀ? ਉਸ ਦੇ ਪਾਪਾ ਨੂੰ ਸਾਹ ਦੀ ਬੀਮਾਰੀ ਸੀ।

ਇਕ ਦਿਨ ਮਨਦੀਪ ਆਪਣੇ ਸਾਈਕਲ ਤੇ ਰਮਣੀਕ ਦੇ ਘਰ ਗਿਆ। ਉਸ ਨੇ ਵੇਖਿਆ, ਉਸ ਦੇ ਪਾਪਾ ਪੰਪ ਨਾਲ ਸਾਹ ਦੀ ਦਵਾਈ ਲੈ ਰਹੇ ਸਨ। ਉਹ ਵਾਰ-ਵਾਰ ਖੰਘ ਵੀ ਰਹੇ ਸਨ। ਉਹਨਾਂ ਦੀ ਹਾਲਤ ਵੇਖ ਕੇ ਮਨਦੀਪ ਦਾ ਮਨ ਉਦਾਸ ਹੋ ਗਿਆ। ਉਸ ਨੇ ਘਰ ਆ ਕੇ ਆਪਣੇ ਦਾਦਾ ਜੀ ਨੂੰ ਰਮਣੀਕ ਦੇ ਪਾਪਾ ਦੀ ਬਿਮਾਰੀ ਬਾਰੇ ਦੱਸਿਆ। ਦਾਦਾ ਜੀ ਨਾਲ ਮਨਦੀਪ ਦਾ ਬੜਾ ਪਿਆਰ ਸੀ। ਉਹ ਕਈ ਵਾਰੀ ਕਹਾਣੀ ਸੁਣਦਾ-ਸੁਣਦਾ ਉਹਨਾਂ ਨਾਲ ਸੌਂ ਜਾਂਦਾ ਸੀ।

ਰਾਤ ਨੂੰ ਮਨਦੀਪ ਨੇ ਰਮਣੀਕ ਦੇ ਪਾਪਾ ਵਾਲੀ ਗੱਲ ਦਾਦਾ ਜੀ ਨੂੰ ਦੱਸੀ। ਗੱਲ ਸੁਣ ਕੇ ਦਾਦਾ ਜੀ ਨੇ ਪੁੱਛਿਆ,

''ਅੱਜ ਕਹਾਣੀ ਸੁਣਨੀ ਐ ਫੇਰ?''



''ਹਾਂ ਦਾਦਾ ਜੀ...।''
ਮਨਦੀਪ ਉਤਸੁਕਤਾ ਨਾਲ ਬੋਲਿਆ।

ਦਾਦਾ ਜੀ ਮਨਦੀਪ ਨੂੰ ਇਕ ਅਜਿਹੀ ਕਹਾਣੀ ਸੁਣਾਉਣ ਲੱਗ ਪਏ ਜਿਸ ਵਿੱਚ ਇਕ ਜੰਗਲ ਨੂੰ ਅੱਗ ਲੱਗ ਜਾਂਦੀ ਹੈ। ਇਕ ਚਿੜੀ ਵਾਰ-ਵਾਰ ਨਦੀ ਤੇ ਜਾ ਕੇ ਪਾਣੀ ਨਾਲ ਆਪਣੀ ਚੁੰਝ ਭਰਦੀ ਹੈ ਅਤੇ ਅੱਗ ਉਪਰ ਜਾ ਕੇ ਸੁੱਟ ਦਿੰਦੀ ਹੈ। ਫਿਰ ਨਦੀ ਤੇ ਆਉਂਦੀ ਹੈ ਤੇ ਫਿਰ ਚੁੰਝ ਵਿੱਚ ਪਾਣੀ ਭਰ ਕੇ ਅੱਗ ਉਪਰ ਜਾ ਸੁੱਟਦੀ ਹੈ।

ਮਨਦੀਪ ਨੇ ਕਹਾਣੀ ਸੁਣਦੇ-ਸੁਣਦੇ ਉਤਸੁਕਤਾ ਨਾਲ ਦਾਦਾ ਜੀ ਨੂੰ ਵਿਚੋਂ ਹੀ ਸਵਾਲ ਕੀਤਾ, ''ਪਰ ਦਾਦਾ ਜੀ, ਨਿੱਕੀ ਜਿਹੀ ਚਿੜੀ ਜੰਗਲ ਦੀ ਅੱਗ ਨੂੰ ਕਿਵੇਂ ਬੁਝਾ ਸਕਦੀ ਹੈ?''

''ਹਾਂ, ਕਹਾਣੀ ਵਿੱਚ ਹੁਣ ਇਸੇ ਗੱਲ ਦਾ ਜ਼ਿਕਰ ਆਵੇਗਾ। ਸੁਣ, ਇਕ ਰਿਸ਼ੀ ਚਿੜੀ ਨੂੰ ਵਾਰ-ਵਾਰ ਅਜਿਹਾ ਕਰਦਾ ਵੇਖ ਰਿਹਾ ਸੀ। ਉਸ ਨੇ ਚਿੜੀ ਨੂੰ ਇਹੀ ਸਵਾਲ ਕੀਤਾ, ਜਿਹੜਾ ਤੂੰ ਮੈਨੂੰ ਕੀਤਾ ਹੈ। ਰਿਸ਼ੀ ਨੇ ਪੁੱਛਿਆ, ''ਚਿੜੀਏ, ਕੀ ਤੇਰੀ ਚੁੰਝ ਵਿਚਲਾ ਪਾਣੀ ਅੱਗ ਦੇ ਭਾਂਬੜ ਬੁਝਾ ਸਕਦਾ ਹੈ?''

''ਚਿੜੀ ਨੇ ਜਵਾਬ ਦਿੱਤਾ ਕਿ ਉਹਨੂੰ ਵੀ ਪਤਾ ਹੈ ਕਿ ਉਸ ਦੀ ਚੁੰਝ ਵਿਚਲੀਆਂ ਪਾਣੀ ਦੀਆਂ ਬੂੰਦਾਂ ਜੰਗਲ ਦੀ ਭਿਆਨਕ ਅੱਗ ਨੂੰ ਨਹੀਂ ਬੁਝਾ ਸਕਦੀਆਂ ਪ੍ਰੰਤੂ ਜਦੋਂ ਕਦੇ ਜੰਗਲ ਦਾ ਇਤਿਹਾਸ ਲਿਖਿਆ ਜਾਵੇਗਾ ਤਾਂ ਉਸ ਦਾ ਨਾਂ ਜੰਗਲ ਨੂੰ ਅੱਗ ਲਾਉਣ ਵਾਲਿਆਂ ਵਿੱਚ ਨਹੀਂ, ਅੱਗ ਬੁਝਾਉਣ ਵਾਲਿਆਂ ਵਿੱਚ ਲਿਖਿਆ ਜਾਵੇਗਾ। ਇਹ ਸੁਣ ਕੇ ਰਿਸ਼ੀ ਚਿੜੀ ਤੋਂ ਪ੍ਰੇਰਨਾ ਲੈਂਦਾ ਹੈ ਅਤੇ ਖੁਦ ਵੀ ਅੱਗ ਬੁਝਾਉਣ ਦੀ ਕੋਸ਼ਿਸ਼ ਕਰਦਾ ਹੈ। ਇੰਨੇ ਨੂੰ ਹੋਰ ਰਾਹੀਂ ਵੀ ਉਹਨਾਂ ਨਾਲ ਰਲ ਜਾਂਦੇ ਹਨ ਅਤੇ ਸਾਰੇ ਇਕੱਠੇ ਹੋ ਕੇ ਜੰਗਲ ਦੀ ਅੱਗ ਉਪਰ ਕਾਬੂ ਪਾ ਲੈਂਦੇ ਹਨ।''

ਕਹਾਣੀ ਸੁਣ ਕੇ ਮਨਦੀਪ ਸੁੱਤਾ ਨਹੀਂ ਸਗੋਂ ਕਿਸੇ ਡੂੰਘੀ ਸੋਚ ਵਿੱਚ ਡੁੱਬ ਗਿਆ।

''ਕੀ ਸੋਚ ਰਿਹਾ ਏਂ ਮਨਦੀਪ?''
ਦਾਦਾ ਜੀ ਨੇ ਪੁੱਛਿਆ।

ਮਨਦੀਪ ਇਕਦਮ ਝੁੰਜਲਾ ਜਿਹਾ ਗਿਆ। ਬੋਲਿਆ, ''ਦਾਦਾ ਜੀ, ਕੀ ਮੈਂ ਵੀ ਚਿੜੀ ਵਾਂਗ ਕਰ ਸਕਦਾ ਹਾਂ?''

''ਚਿੜੀ ਬਣ ਕੇ ਜੰਗਲ ਦੀ ਅੱਗ ਬੁਝਾਵੇਂਗਾ?'' ਦਾਦਾ ਜੀ ਨੇ ਅਣਜਾਣ ਹੁੰਦੇ ਪੁੱਛਿਆ।

ਮਨਦੀਪ ਬੋਲਿਆ, ''ਹਾਂ ਦਾਦਾ ਜੀ, ਮੈਂ ਵੀ ਅੱਗ ਬੁਝਾਵਾਂਗਾ। ਜੰਗਲ ਦੀ ਨਹੀਂ ਪ੍ਰਦੂਸ਼ਣ ਦੀ। ਮੈਂ ਪਾਪਾ ਕੋਲੋਂ ਪਟਾਕੇ ਖਰੀਦਣ ਲਈ ਪੰਜ ਹਜ਼ਾਰ ਰੁਪਏ ਲਏ ਹਨ ਪਰ ਹੁਣ ਮੈਂ ਇਕ ਵੀ ਪਟਾਕਾ ਨਹੀਂ ਖਰੀਦਾਂਗਾ। ਆਪਣੇ ਦੋਸਤਾਂ ਨੂੰ ਵੀ ਇਹੀ ਕਹਾਂਗਾ। ਚਿੜੀ ਵਾਲੀ ਕਹਾਣੀ ਸੁਣਾ ਕੇ।''

ਦਾਦਾ ਜੀ ਬੋਲੇ, '' ਸਾਬਾਸ਼ ਬੱਚੇ, ਤੂੰ ਚਿੜੀ ਵਾਲੀ ਕਹਾਣੀ ਦਾ ਅਸਲੀ ਸੁਨੇਹਾ ਸਮਝ ਲਿਆ ਏ ਜੇ ਤੇਰੇ ਵਰਗੇ ਬੱਚੇ ਪ੍ਰਦੂਸ਼ਣ ਦਾ ਖਾਤਮਾ ਕਰਨ ਦਾ ਫੈਸਲਾ ਲੈ ਲੈਣ ਤਾਂ ਸਾਡਾ ਆਲਾ- ਦੁਆਲਾ ਹਰਿਆ ਭਰਿਆ ਹੋ ਸਕਦਾ ਹੈ। ਅਸੀਂ ਬਿਮਾਰੀਆਂ ਤੋਂ ਬਚ ਸਕਦੇ ਹਾਂ ਤੇ ਸਾਡੀ ਉਮਰ ਹੋਰ ਵੀ ਲੰਮੀ ਹੋ ਸਕਦੀ ਏ।''

ਮਨਦੀਪ ਨੇ ਦਾਦਾ ਜੀ ਦਾ ਹੱਥ ਘੁੱਟਦਿਆਂ ਕਿਹਾ, ''ਦਾਦਾ ਜੀ, ਮੈਂ ਅਜਿਹਾ ਹੀ ਕਰਾਂਗਾ। ਇਹ ਮੇਰਾ ਦ੍ਰਿੜ ਨਿਸਚਾ ਏ।'' ਮਨਦੀਪ ਬੋਲਿਆ।
ਦਾਦਾ ਜੀ ਨੇ ਉਸ ਨੂੰ ਗਲਵਕੜੀ ਵਿੱਚ ਲੈ ਲਿਆ।


ਦਾਦਾ ਜੀ
ਚਿਤੱਰਕਾਰ ਅਤੇ ਲੇਖਕ - ਅਜੈ ਕਾਲੜਾ
ਨੱਥਾ ਨਾਮ ਦਾ ਇਕ ਕਿਸਾਨ ਰਾਮਪੁਰ ਨਾਮਕ ਪਿੰਡ ਵਿੱਚ ਰਹਿੰਦਾ ਸੀ। ਉਹ ਬਹੁਤ ਹੀ ਇਮਾਨਦਾਰ ਅਤੇ ਮਿਹਨਤੀ ਸੀ।
ਉਹ ਮਿਹਨਤ ਕਰਕੇ ਆਪਣੇ ਪੁੱਤਰ ਰਮੇਸ਼ ਨੂੰ ਪੜ੍ਹਾ-ਲਿਖਾ ਰਿਹਾ ਸੀ।


ਉਹ ਆਪਣੇ ਪੁੱਤਰ ਨੂੰ ਸ਼ਹਿਰ ਦੇ ਕਿਸੇ ਚੰਗੇ ਕਾਲਜ ਵਿੱਚ ਪੜ੍ਹਾਉਣ ਲਈ ਪੈਸਾ ਇੱਕਠਾ ਕਰ ਰਿਹਾ ਸੀ।
ਹੁਣ ਸਮਾਂ ਆ ਗਿਆ ਸੀ ਜਦ ਉਹ ਆਪਣੀ ਕਮਾਈ ਹੋਈ ਪੂੰਜੀ ਆਪਣੇ ਬੇਟੇ ਦੇ ਹੱਥਾਂ ਵਿੱਚ ਦੇ ਕੇ ਉਹਨੂੰ ਸ਼ਹਿਰ ਪੜ੍ਹਨ ਲਈ ਭੇਜ ਰਿਹਾ ਸੀ।
ਰਮੇਸ਼ ਨੇ ਸ਼ਹਿਰ ਜਾ ਕੇ ਬਹੁਤ ਮਨ ਲਗਾ ਕੇ ਪੜ੍ਹਾਈ ਕੀਤੀ ਅਤੇ ਬਹੁਤ ਵਧੀਆ ਨੌਕਰੀ ਵੀ ਪ੍ਰਾਪਤ ਕਰ ਲਈ।
ਜਲਦੀ ਹੀ ਰਮੇਸ਼ ਨੇ ਇਕ ਚੰਗਾ ਘਰ ਵੀ ਖਰੀਦ ਲਿਆ ਅਤੇ ਆਪਣੇ ਪੁੱਤਰ ਅਤੇ ਪਤਨੀ ਨਾਲ ਰਹਿਣ ਲਗਾ।


ਨੱਥਾ ਕਿਸਾਨ ਹੁਣ ਬੁੱਢਾ ਹੋ ਗਿਆ ਸੀ। ਹੁਣ ਉਹਨੂੰ ਕਿਸੇ ਸਹਾਰੇ ਦੀ ਲੋੜ ਸੀ। ਉਹ ਆਪਣੇ ਪੁੱਤਰ ਦੇ ਨਾਲ ਰਹਿਣ ਲਈ ਉਸ ਦੇ ਕੋਲ ਆ ਗਿਆ।
ਰਮੇਸ਼ ਆਪਣੇ ਪਿਤਾ ਦੇ ਆਉਣ ਤੇ ਖੁਸ਼ ਨਹੀਂ ਸੀ।
ਉਸ ਨੇ ਆਪਣੇ ਪਿਤਾ ਲਈ ਇਕ ਵੱਖਰਾ ਕਮਰਾ ਬਣਵਾ ਦਿੱਤਾ।




ਆਪਣੇ ਪੁੱਤਰ ਦੇ ਇਸ ਉੱਤਰ ਨਾਲ ਰਮੇਸ਼ ਦੀਆਂ ਅੱਖਾਂ ਖੁੱਲ੍ਹ ਗਈਆਂ। ਉਹਨੂੰ ਆਪਣੇ ਕੀਤੇ ਤੇ ਪਛਤਾਵਾ ਹੋਇਆ। ਉਸ ਨੇ ਆਪਣੇ ਪਿਤਾ ਦੇ ਚਰਨਾਂ ਵਿੱਚ ਡਿਗ ਕੇ ਉਹਨਾਂ ਤੋਂ ਮਾਫੀ ਮੰਗੀ।

ਸਿਖਿਆ : ਆਪਣੇ ਬਜ਼ੁਰਗਾਂ ਦੇ ਨਾਲ ਅਸੀਂ ਜਿਹੋ-ਜਿਹਾ ਵਿਵਹਾਰ ਕਰਾਂਗੇ ਉਹੋ ਜਿਹਾ ਹੀ ਵਿਵਹਾਰ ਸਾਡੇ ਨਾਲ ਸਾਡੇ ਬੱਚੇ ਕਰਨਗੇ।

# ਬੁੱਧੀ ਦੀ ਪਰਖ

ਦੋਹਾਂ ਚਿਤੱਰਾਂ ਵਿਚੋਂ
10 ਅੰਤਰ ਲੱਭੋ!








Video & Audio Webcasts on www.nirankari.org - Every month

SANT NIRANKARI MISSION

Registered with the
Registrar of Newspaper
For India Under RNI No. 32345/77

: Delhi Postal Regd. No. G-3/DL (N)/137/2018-20
: Licence No. U (DN)-60/2018-20
: Licenced to post without Pre-payment





## ਨਿਰੰਕਾਰੀ ਪਤ੍ਰ-ਪਤ੍ਰਕਾਵਾਂ ਪੜ੍ਹੋ ਅਤੇ ਪੜ੍ਹਾਓ !

| ਸੰਤ ਨਿਰੰਕਾਰੀ | ਏਕ ਨਜ਼ਰ | ਹੰਸਤੀ ਦੁਨੀਆ |
|---|---|---|
| (ਗਿਆਰਾਂ ਭਾਸ਼ਾਵਾਂ ਵਿਚ) | (ਤਿੰਨ ਭਾਸ਼ਾਵਾਂ ਵਿਚ) | (ਚਾਰ ਭਾਸ਼ਾਵਾਂ ਵਿੱਚ) |

'ਸੰਤ ਨਿਰੰਕਾਰੀ' 'ਹੰਸਤੀ ਦੁਨੀਆ (ਹਿੰਦੀ, ਪੰਜਾਬੀ ਅਤੇ ਅੰਗਰੇਜੀ) ਅਤੇ
'ਏਕ ਨਜ਼ਰ' (ਹਿੰਦੀ ਅਤੇ ਪੰਜਾਬੀ) ਦਾ ਮੈਂਬਰ ਬਣਨ ਲਈ ਸੰਪਰਕ ਕਰੋ-
ਪਤ੍ਰਿਕਾ ਵਿਭਾਗ, ਨਿਰੰਕਾਰੀ ਕੰਪਲੈਕਸ, ਨਿਰੰਕਾਰੀ ਸਰੋਵਰ ਦੇ ਨੇੜੇ
PH. 011--47660200, E-mail : patrika@nirankari.org

**ਸੰਤ ਨਿਰੰਕਾਰੀ, ਹੰਸਤੀ ਦੁਨੀਆ, ਏਕ ਨਜ਼ਰ (ਮਰਾਠੀ)
ਅਤੇ ਸੰਤ ਨਿਰੰਕਾਰੀ (ਨੇਪਾਲੀ) ਦਾ ਮੈਂਬਰ ਬਣਨ ਲਈ ਸੰਪਰਕ ਕਰੋ**

**Sant Nirankari Satsang Bhawan**
**1st Floor, 50, Morbag Road, Naigaon, Dadar (E) MUMBAI-400 014 (Mah.)**
e-mail : chandunirankari@yahoo.com & marathi@nirankari.org

ਹੋਰ ਭਾਸ਼ਾਵਾਂ ਦੀਆਂ ਪਤ੍ਰਕਾਵਾਂ ਦਾ ਮੈਂਬਰ ਬਣਨ ਲਈ ਹੇਠ ਲਿਖੇ ਅਨੁਸਾਰ ਸੰਪਰਕ ਕਰੋ

| TAMIL | ORIYA | TELUGU | GUJRATI | KANNADA | BANGLA |
|---|---|---|---|---|---|
| Sant Nirankari Satsang Bhawan, #7, Govindan Street, Ayavoo Naidu Colony, Aminji Karai, CHENNAI-600 029 (T.N.) Ph. 04423740830 | Sant Nirankari Satsang Bhawan, Kazidiha, Post Madhupatna, CUTTACK-753 010 (Orissa) Ph. 0671-2341250 | Sant Nirankari Satsang Bhawan, No. 6-2-970, Khairtabad, HYDERABAD-Pin : 500 029 Ph. 0104-23317879 | Sant Nirankari Satsang Bhawan, 1st Floor, 50, Morbag Road, Naigaon, Dadar (E) MUMBAI - 400 014 (Mah.) Ph. 22-24102047 | Sant Nirankari Satsang Bhawan, 88, Rattanvilas Road, Southend Circle, Basavangudi, BENGALURU-560 004 (Karnataka) Ph. 080-26577212 | Sant Nirankari Satsang Bhawan, 884,G.T. Road, Laxmipur-2 East Bardhman—713101 Ph. 0342-2657219 |

ਪਤ੍ਰ-ਪਤ੍ਰਕਾਵਾਂ ਦੇ ਪ੍ਰਸਾਰ ਅਭਿਆਨ ਵਿਚ ਯੋਗਦਾਨ ਦੇ ਕੇ
ਸਤਿਗੁਰੂ ਮਾਤਾ ਜੀ ਦੇ ਅਸ਼ੀਰਵਾਦ ਦੇ ਪਾਤਰ ਬਣੋ।


Posted at NDPSO Prescribed dates 23rd & 24th. Date of Publication: 17th & 18th (Advance Month)